੧ੴ ਸਤਿਗੁਰ ਪ੍ਰਸਾਦਿ

# ਸੋਹਣੀ ਮੌਲਾ ਦੀ
# ਅਤੇ
# ਸੱਸੀ ਸਾਈਂ ਲੋਕਾਂ ਦੀ

ਭਾਈ ਸਾਹਿਬ ਭਾਈ ਵੀਰ ਸਿੰਘ

ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ, ਨਵੀਂ ਦਿੱਲੀ-110001


www.sikhbookclub.com

ਛਪਾਈ ਦਾ ਵੇਰਵਾ

**ਸੋਹਣੀ ਮੌਲਾ ਦੀ**

ਪਹਿਲੀ ਵਾਰ 1912-13

ਦੂਸਰੀ ਵਾਰ ਮਾਰਚ, 2001

ਤੀਜੀ ਵਾਰ ਜੁਲਾਈ, 2008

**ਸੱਸੀ ਸਾਈਂ ਲੋਕਾਂ ਦੀ**

ਪਹਿਲੀ ਵਾਰ ਸਤੰਬਰ

ਟ੍ਰੈਕਟ ਨ. 1305 ਤੇ 1306

ਦੂਸਰੀ ਵਾਰ ਜੁਲਾਈ, 2008

ਜੁਲਾਈ, 2008 ਦੋਵੇਂ ਟ੍ਰੈਕਟ ਇਕ ਜਿਲਦ

**Sohni Maula Di and Sasi Sai Lokan Di**

*Bhai Vir Singh*

ISBN # 978-93-80854-81-6

© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ

ਤੀਸਰੀ ਐਡੀਸ਼ਨ, ਕੰਪਊਟ੍ਰਾਇਜ਼ਡ ਜੁਲਾਈ, 2008

ਚੌਥੀ ਐਡੀਸ਼ਨ ਜੁਲਾਈ, 2011

*ਪ੍ਰਕਾਸ਼ਕ :*

ਭਾਈ ਵੀਰ ਸਿੰਘ ਸਾਹਿਤ ਸਦਨ

ਭਾਈ ਵੀਰ ਸਿੰਘ ਮਾਰਗ

ਨਵੀਂ ਦਿੱਲੀ-110001

***Printer***

Printograph

2966/41,BeadonPura

KarolBagh,NewDelhi-110005

ਮੁੱਲ : 45/- ਰੁਪਏ

# ਸੰਪਾਦਕੀ

ਪੰਜ ਪਾਣੀਆਂ ਦੇ ਰੰਗੀਲੇ ਪੰਜਾਬੀਆਂ ਲਈ 'ਝਨਾਂ' ਦਾ ਦਰਿਆ ਵਿਸ਼ੇਸ਼ ਸਥਾਨ ਰਖਦਾ ਹੈ। ਇਸ ਦਾ ਜ਼ਿਕਰ ਇਸ ਦੇ ਰੁਮਾਂਚਕ ਤੇ ਰਮਣੀਕ ਕੰਢਿਆਂ ਤੇ ਖਿਲਰੇ ਇਸ਼ਕ-ਮਜ਼ਾਜ਼ੀ ਤੇ ਇਸ਼ਕ-ਹਕੀਕੀ ਦੇ ਕਿੱਸੇ ਰੂਹਾਂ ਨੂੰ ਝੰਜੋੜਦੇ ਤੇ ਲੂੰਅ-ਕੰਡੇ ਖੜੇ ਕਰਦੇ ਹਨ।

'ਸੋਹਣੀ ਮੌਲਾਂ ਦੀ' ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਇਕ ਅਜਿਹੀ ਲਿਖਤ ਹੈ ਜਿਸ ਵਿਚ ਝਨਾਂ ਦੇ ਰਮਣੀਕ ਪੱਖ ਨੂੰ ਪੇਸ਼ ਕਰਨ ਦੇ ਨਾਲ ਨਾਲ ਝਨਾਂ ਤੇ ਸੂਹਣੀ ਦੇ ਰਿਸ਼ਤੇ ਨੂੰ ਇਸ਼ਕ ਹਕੀਕੀ ਦੇ ਮਕਸਦ ਨਾਲ ਅਤਿ ਪਿਆਰੀ ਸ਼ੈਲੀ ਵਿਚ ਬਿਆਨ ਕੀਤਾ ਹੈ। ਝਨਾਂ ਦੇ ਵਹਣ ਨੂੰ ਦੁਨੀਆਂ ਤੇ ਸੂਹਣੀ ਨੂੰ ਜੀਵਨ ਸੰਕੇਤ ਵਜੋਂ ਵਰਤਿਆ ਹੈ। ਉਹ ਜੀਵਨ ਜਿਸ ਵਿਚ ਆਤਮਕ ਚੰਗਿਆੜੀ ਨਹੀਂ ਮਘਦੀ, ਮੁਰਦਾ ਹੈ। ਜੀਵਨ ਦਾ ਮਕਸਦ ਸੇਵਾ, ਸਿਮਰਨ ਤੇ ਲੋਕ ਭਲਾਈ ਕਰਦਿਆਂ ਪਰਮਾਤਮਾ 'ਚ ਲੀਨ ਹੋਣਾ ਹੈ।

'ਸੋਹਣੀ ਮੌਲਾਂ ਦੀ' ਟਰੈਕਟ ਮਨੁੱਖੀ ਜੀਵਨ ਦੇ ਸ਼ੁਹਸਾਗਰ ਨੂੰ ਪਾਰ ਕਰਨ ਲਈ ਮਾਰਗ ਦਰਸ਼ਨ ਕਰਦਾ ਹੈ। ਵਿਖਾਵੇ ਦੇ ਕਰਮ ਕਾਂਡਾਂ ਤੋਂ ਬਚ ਕੇ ਪ੍ਰਭੂ ਚਰਨਾਂ 'ਚ ਜੁੜਨ ਤੇ ਉੱਜਲ ਪਿਆਰ ਕਰਨ ਲਈ ਚੱਜ ਸਿਖਾਉਂਦਾ ਹੈ। ਜੀਵਨ ਕਲਿਆਨ ਦਾ ਸਰਸ਼ਾਰ ਸੋਮਾ ਹੈ।

ਪਾਠਕਾਂ ਲਈ ਵਿਸ਼ੇਸ਼ ਅੰਕ ਦੇ ਰੂਪ ਵਿਚ ਪੇਸ਼ ਹੈ।

ਮਾਰਚ, 2001

ਸੰਪਾਦਕ
ਨਿਰਗੁਣੀਆਰਾ

# ਬੇਨਤੀ

**"ਸੋਹਣੀ ਮੌਲਾ ਦੀ"** - ਇਸ ਸਿਰਨਾਵੇਂ ਦਾ ਲੇਖ ਪਹਿਲੀ ਵਾਰੀ ਖਾਲਸਾ ਟ੍ਰੈਕਟ ਸੁਸਾਇਟੀ, ਅੰਮ੍ਰਿਤਸਰ ਦੇ 3 ਟ੍ਰੈਕਟਾਂ ਯਾਨੀ ਕਿ ਟ੍ਰੈਕਟ ਨੰ: 478, 526 ਤੇ 528 ਦੇ ਰੂਪ ਵਿਚ ਛਪਿਆ ਸੀ। ਇਨ੍ਹਾਂ ਟ੍ਰੈਕਟਾਂ ਤੇ ਛਪਾਈ ਦੀ ਤਰੀਖ ਨਹੀਂ ਦਿਤੀ ਹੋਈ ਪਰ ਅਗਲੇ ਪਿਛਲੇ ਟ੍ਰੈਕਟਾਂ ਦੀਆਂ ਤਰੀਖਾਂ ਦੇਖ ਕੇ ਅਨੁਮਾਨ ਹੈ ਕਿ ਇਹ ਲੇਖ ਤਕਰੀਬਨ 1912-13 ਦੀ ਰਚਨਾ ਹੈ। ਹੁਣ ਸਾਡੇ ਹੱਥ ਜੋ ਕਾਪੀ ਆਈ ਹੈ, ਇਹ ਨਿਰਗੁਣੀਆਰਾ ਮਾਰਚ, 2001 ਦੀ ਛਾਪ ਹੈ। 1912-13 ਤੋਂ ਲੈਕੇ 2001 ਦੇ ਵਿਚਕਾਰਲੇ ਕੋਈ 90 ਸਾਲਾਂ ਵਿਚ ਇਹ ਲੇਖ ਕਿਤਨੀਂ ਵਾਰ ਤੇ ਕਦੋਂ ਕਦੋਂ ਛਪਿਆ, ਕੁਛ ਪਤਾ ਨਹੀਂ।

ਉਪਰ ਦੱਸੀਆਂ ਦੋ ਲਿੱਖਤਾਂ ਵਿਚ ਕਿਤੇ ਕਿਤੇ ਫ਼ਰਕ ਹੈ ਜੋ ਲਗਦਾ ਹੈ ਕਿ ਸਤਿਕਾਰਯੋਗ ਲੇਖਕ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਆਪ ਹੀ ਕਿਸੇ ਛਾਪ ਵਿਚ ਇੰਪਰੂਵਮੈਂਟ ਕੀਤੀ ਸੀ ਤੇ ਮਾਰਚ 2001 ਵਾਲੀ ਛਾਪ ਓਸੇ ਦੀ ਨਕਲ ਜਾਪਦੀ ਹੈ।

ਇਹ ਹੱਥਲੀ ਪੁਸਤਕ 2001 ਵਾਲੀ ਛਾਪ ਦੀ ਹੀ ਨਕਲ ਹੈ ਸਵਾਏ ਇਸਦੇ ਕਿ ਜਿਥੇ ਜਿਥੇ ਛਪਾਈ ਦੀਆਂ ਗਲਤੀਆਂ ਸਨ ਓਹ ਪਹਿਲੇ ਤਿੰਨ ਟ੍ਰੈਕਟਾਂ ਦਾ ਸਹਾਰਾ ਲੈਕੇ ਠੀਕ ਕਰ ਦਿਤੀਆਂ ਹਨ ਤੇ ਗੁਰਬਾਣੀ ਸਾਰੀ ਦੀ ਸੁਧਾਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸੈਂਚੀਆਂ ਨਾਲ ਮਿਲਾਕੇ ਕਰ ਦਿਤੀ ਹੈ ਤੇ ਹਵਾਲ਼ਿਆਂ ਦੇ ਨਾਲ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੰਨਾ ਨੰਬਰ ਵੀ ਦੇ ਦਿਤਾ ਹੈ। ਫਿਰ ਵੀ ਜੇਕਰ ਕੋਈ ਤਰੁੱਟੀ ਰਹਿ ਗਈ ਹੋਵੇ ਤਾਂ ਭਾਈ ਵੀਰ ਸਿੰਘ ਸਾਹਿਤ ਸਦਨ ਨੂੰ ਲਿਖ ਭੇਜਣ ਦੀ ਕ੍ਰਿਪਾਲਤਾ ਕਰਨੀ ਜੀ। ਅਸੀਂ ਦਿੱਲੋਂ ਧੰਨਵਾਦੀ ਹੋਵਾਂਗੇ ਤੇ ਅਗਲੀਆਂ ਐਡੀਸ਼ਨਾਂ ਵਿਚ ਸੁਧਾਈ ਕਰਨ ਦਾ ਯਤਨ ਕਰਾਂਗੇ।

ਉਪਰ ਲਿਖਤ ਮਾਰਚ, 2001 ਦਾ ਨਿਰਗੁਣੀਆਰਾ ਟ੍ਰੈਕਟ ਸਾਨੂੰ ਸ. ਗੁਰਦੇਵ ਸਿੰਘ ਜੀ, ਹਨੂੰਮਾਨਗੜ੍ਹ, ਰਾਜਿਸਥਾਨ ਵਾਲ਼ਿਆਂ ਨੇ ਭੇਜਿਆ

 www.sikhbookclub.com

ਹੈ। ਇਸੇ ਤਰ੍ਹਾਂ ਉਹ ਹੋਰ ਪੁਰਾਣੇ ਟ੍ਰੈਕਟ ਭੇਜਦੇ ਰਹਿੰਦੇ ਹਨ ਤੇ ਭਾਈ ਵੀਰ ਸਿੰਘ ਸਾਹਿਤ ਸਦਨ ਦੀਆਂ ਕਾਰਵਾਈਆਂ ਵਿਚ ਦਿਲਚਸਪੀ ਰਖਦੇ ਹਨ ਤੇ ਹੋਰ ਵੀ ਕਈ ਤਰ੍ਹਾਂ ਦੀ ਸਹਾਇਤਾ ਕਰਦੇ ਤੇ ਸੁਝਾਵ ਦੇਂਦੇ ਰਹਿੰਦੇ ਹਨ। ਅਸੀਂ ਉਨ੍ਹਾਂ ਦੇ ਦਿਲੋਂ ਅਤੀ ਧੰਨਵਾਦੀ ਹਾਂ ਤੇ ਅਰਦਾਸ ਕਰਦੇ ਹਾਂ ਕਿ ਵਾਹਿਗੁਰੂ ਜੀ ਉਨ੍ਹਾਂ ਨੂੰ ਤੰਦਰੁਸਤੀ ਬਖਸ਼ੇ ਤੇ ਉਹ ਹੋਰ ਉਤਸ਼ਾਹ ਨਾਲ ਸੇਵਾ ਕਰਦੇ ਰਹਿਣ।

16 ਜੂਨ, 2008

ਭਾਈ ਵੀਰ ਸਿੰਘ ਸਾਹਿਤ ਸਦਨ
ਨਵੀਂ ਦਿੱਲੀ

# ਸੋਹਣੀ ਮੌਲਾ ਦੀ

## ੧. ਵਹਣ

**ਕੰਧੀ ਵਹਣ ਨ ਢਾਹਿ ਤਉ ਭੀ ਲੇਖਾ ਦੇਵਣਾ॥**
**ਜਿਧਰਿ ਰਬ ਰਜਾਇ ਵਹਣੁ ਤਿਦਾਊ ਗੰਉ ਕਰੇ॥੯੪॥**
(ਸਲੋਕ ਫਰੀਦ ਜੀ ਪੰਨਾ-੧੩੮੨)

ਹਾਂ ਵੇ ਭਾਈ ਵਹਣ! ਕੰਧੀ ਨੂੰ ਨਾ ਢਾਹ, ਤੈਨੂੰ ਬੀ (ਅਪਣੇ ਕਰਮਾਂ ਦਾ) ਲੇਖਾ ਦੇਣਾ ਪੈਣਾ ਹੈ।

ਠੀਕ ਹੈ, ਸਾਈਂ ਜੀ ਠੀਕ ਹੈ, ਪਰ ਤੁਹਾਨੂੰ ਪਤਾ ਹੈ ਮੈਂ ਰਉਂ ਕਿਹੜੇ ਪਾਸੇ ਕਰਦਾ ਹਾਂ? ਹੇ ਭੋਲਿਆ ਸਾਈਂ ਲੋਕਾ! ਵਹਣ ਵਿਚਾਰੇ ਦੇ ਕੀ ਵੱਸ ਹੈ, ਜਿਧਰ ਰੱਬ ਦੀ ਰਜ਼ਾ ਹੁੰਦੀ ਹੈ, ਵਹਣ ਉਧਰੇ ਹੀ ਰਉਂ ਕਰ ਵਹਿੰਦਾ ਹੈ।

## ਸੱਚ ਹੈ

ਸਾਈਂ ਲੋਕ ਪੁੱਛਣ ਵਾਲਾ- ਬਾਬਾ ਫ਼ਰੀਦ ਬੀ ਸੱਚਾ ਤੇ ਹੇ ਭਾਈ ਵਹਣ! ਤੂੰ ਬੀ ਸੱਚਾ, ਕੂੜੇ ਅਸੀਂ, ਜਿਨ੍ਹਾਂ ਨੂੰ ਨਾ ਬਾਬੇ ਵਾਂਗੂ ਕਰਮਾਂ ਦਾ ਭੈ, ਨਾ ਵਹਣ ਵਾਂਗੂੰ ਸਾਈਂ ਦੇ ਰੰਗ ਵਿਚ ਅੱਠ ਪਹਿਰ ਦਾ ਪਰਵਾਹ।

❖ ❖ ❖

ਦੇਖੋ ਭਾਈ ਅੱਜ ਫੇਰ ਵਹਣ ਕੰਧੀਆਂ ਢਾਹ ਰਿਹਾ ਹੈ, ਹੈਂ ਜੀ! ਚੜ੍ਹਿਆ ਵੀ ਦੇਖੋ ਅੱਜ ਕੇਡਾ ਹੈ। ਜੇਡਾ ਏਸ ਝਨਾ ਦਾ ਪਾੜਾ ਹੈ, ਓਡਾ ਹੀ ਏਸ ਦਾ ਵਹਣ। ਹੇ ਮਸਤਾਨੇ ਬੇਪਰਵਾਹ ਝਨਾ ਦੇ ਵਹਣ! ਕਿਉਂ ਐਡਾ ਚੜ੍ਹਿਆ ਹੈ? ਆ ਡਰ, ਰੱਬ ਤੋਂ ਡਰ! ਸੁਣ, ਬਾਬਾ ਫਰੀਦ ਕੀ ਆਖ ਗਿਆ ਹੈ? ਓ ਅਲਬੇਲੇ, ਮਸਤ ਵਹਣ! ਤੂੰ ਵਹੀ ਜਾਨਾ ਹੈ, ਵੇਖ ਕੰਧੀਆਂ ਢਹਿ ਢਹਿ

 www.sikhbookclub.com

ਡਿੱਗ ਰਹੀਆਂ ਹਨ, ਡਰ, ਕੋਈ ਲੇਖਾ ਮੰਗੇਸੀਆ। ਪਰ ਵਹਣ ਕਦ ਸੁਣਦਾ ਹੈ? ਪਿੱਛੋਂ ਅੰਬਰਾਂ ਦੇ ਪਾਣੀ ਆ ਗਏ, ਅੰਬਰੋਂ ਹੁਕਮ ਹੋਏ, ਪਹਾੜ ਮੀਹਾਂ ਨਾਲ ਭਰ ਗਏ, ਲੱਗੇ ਜਲ ਤੇ ਜਲ ਭੇਜਣ! ਹਾਂ, ਭਾਈ ਵਹਣ! ਤੇਰੇ ਕੀ ਵੱਸ।

ਫੇਰ ਝਨਾ ਦਾ ਮਸਤਾਨਾ ਵਹਣ, ਜਿਸ ਦੀ ਮਿੱਟੀ ਵਿਚ ਇਸ਼ਕ ਦੇ ਸੂਰਣ ਕਿਣਕੇ ਕਦੇ ਕਦੇ ਲੱਭਦੇ ਹਨ, ਕਦ ਫਕੀਰਾਂ ਦੀ ਸੁਣਦਾ ਹੈ? ਠੀਕ ਹੈ ਭਾਈ, ਸਾਰੇ ਹਿੰਦ ਵਿਚ ਇਕ ਏਹੋ ਦਰਿਆ ਹੈ ਜਿਸ ਦੀ ਰੇਤ ਵਿਚ ਪਿਆਰ ਦੀਆਂ ਸੂਰਣ ਕਣੀਆਂ ਕਦੇ ਕਦੇ ਕਚ ਦੇ ਨਜਾਰੀਆਂ ਨੂੰ ਲੱਭ ਪਈਆਂ ਸਨ।

ਹੀਰ ਰਾਂਝਾ ਝਨਾ ਦੇ ਪਾਣੀਆਂ ਵਿਚੋਂ ਨਿਕਲੇ, ਸੋਹਣੀ ਮਹੀਂਵਾਲ ਇਸੇ ਰੌ ਨੇ ਉਛਾਲ ਬਾਹਰ ਮਾਰੇ, ਸੱਸੀ ਰੁੜ੍ਹੀ ਆਈ ਤਾਂ ਏਸੇ ਦੇ ਪਾਣੀ ਵਿਚ, ਜੋ ਹੋਰ ਪੰਜਾਬੀ ਨਦੀਆਂ ਨਾਲ ਰਲ ਕੇ ਵਹਿੰਦਾ ਸੀ, ਪਿਆ ਸਿੰਧ ਵਿਚ। ਸਾਹਿਬਾਂ ਨੇ ਭੀ ਝਨਾ ਦੇ ਪਾਣੀ ਪੀਤੇ ਸਨ, ਮਿਰਜ਼ੇ ਮਰ ਜਾਣੇ ਬੀ ਏਸੇ ਦੇ ਨੇੜੇ ਰਹਿ ਕੇ ਏਸੇ ਦੇ ਪਾਣੀ ਨੂੰ ਪੀ ਕੇ ਬਾਰ ਵਿਚ ਰੂਪ ਦੀ ਹੱਟੀ ਲਾਈ ਸੀ।

ਅੱਜ ਏਸ ਇਸ਼ਕ ਰੁਮਾਏ ਝਨਾ ਦੇ ਵਹਣ ਦੇ ਉਛਾਲੇ ਤੱਕੋ, ਕਾਂਗਾਂ ਤੇ ਕਾਂਗਾਂ ਬੰਨ੍ਹ ਕੇ ਉਮਡੇ ਆ ਰਹੇ ਹਨ। ਵਡਾ ਸਾਰਾ ਪਾੜ, ਕਈ ਕੋਹਾਂ ਦਾ ਪਾੜ ਹੋ ਗਿਆ। ਰੱਬ ਰਖੇ ਏਸ ਦੇ ਜੋਸ਼ ਤੋਂ।

ਓਏ ਪ੍ਰੇਮ ਪੱਟੇ ਜਾਣੇ ਵਹਣ! ਕੁਛ ਤਾਂ ਤਰਸ ਕਰ, ਓਏ ਐਸ ਠਿੱਲ੍ਹ ਚੁਕੇ ਬੇੜੇ ਨੂੰ ਤਾਂ ਪਾਰ ਲੰਘ ਲੈਣ ਦੇਹ। ਦੇਖ:-

> **"ਫਰੀਦਾ ਡੁਖਾ ਸੇਤੀ ਦਿਹੁ ਗਇਆ ਸੂਲਾਂ ਸੇਤੀ ਰਾਤਿ॥**
> **ਖੜਾ ਪੁਕਾਰੇ ਪਾਤਣੀ ਬੇੜਾ ਕਪਰ ਵਾਤਿ॥੮੫॥"**
> (ਸਲੋਕ ਫਰੀਦ ਜੀ ਪੰਨਾ-੧੩੮੨)

ਹਾਇ ਕੱਪਰੋ! ਖੂਨੀ ਕੱਪਰੋ! ਹਾਇ ਲਹਰੋ, ਲਹੂ ਤਿਹਾਈਓ ਲਹਰੋ! ਹਾਇ ਹੈਂ-ਸਿਆਰੀ* ਵਾਏ (ਹਵਾਏ)! ਦੇਖੋ ਜ਼ਾਲਮੋਂ! ਮੁਹਾਣਿਆਂ ਦਾ ਕੀ

---

* ਹੈਂ-ਸਿਆਰੀ-ਬੇਤਰਸ

ਹਾਲ ਹੈ, ਦੇਖੋ ਪਿੱਟਦਿਆਂ ਤੇ ਵਾਹਾਂ ਲਾਂਦਿਆਂ ਨੂੰ ਕਿੱਕੂੰ ਲੰਘ ਗਿਆ। ਹਾਏ ਹਵਾਏ! ਐਸੇ ਕੱਪਰਵਾਤ(ਘੁੰਮਣਵਾਣੀ) ਵਿਚ ਘੱਤਿਆਈ ਕਿ ਮਲਾਹ ਵਾਹਾਂ ਲਾਂਦੇ ਹੁੱਟ ਗਏ, ਥੱਕ ਗਏ, ਹਾਰ ਗਏ। ਹੇ ਉਮਡੇ ਵਹਣ! ਆ ਹੁਣ ਤਾਂ ਨੀਵਾਂ ਹੋ। ਵੇ ਨਿਉਂਕੇ ਤੁਰ ਵੇ ਵਹਣਾਂ! ਵੇਖ ਬੇੜੇ ਵਿਚ ਜੰਞ ਹਈ, ਏਹ ਤਾਂ ਪਿਆਰ ਦੇ ਵਪਾਰੀ ਨੀ, ਮੁਹੱਬਤਾਂ ਮੁਲ ਲੈਣ ਚੱਲੇ ਨੀ। ਵੇ ਇਸ਼ਕਾਂ ਦੇ ਪਾਣੀਆਂ! ਏਹਨਾਂ ਤੇ ਤਾਂ ਮੇਹਰ ਕਰ! ਦੇਖ! ਪਾਰ ਖੜੇ ਕੁੜਮ ਜਿੰਦਾਂ ਮੁੱਠ ਵਿਚ ਲਈ ਉਡੀਕਾਂ ਕਰ ਰਹੇ ਹਨ, ਸ਼ਗਨ ਮਨਾ ਰਹੇ ਹਨ, ਸੁੱਖਣਾਂ ਸੁੱਖ ਰਹੇ ਹਨ, ਕਰ ਮਿਹਰ ਤੇ ਨਿਉਂਕੇ ਚੱਲ। ਤੱਕ ਵੇ ਨਵੇਂ ਚੜ੍ਹੇ ਵਹਣਾਂ! ਤੱਕ, ਲਾੜੇ ਦਾ ਰੰਗ ਕੀਕੂੰ ਨੁਚੜ ਗਿਆ, ਜਾਂਞੀਆਂ ਵਲ ਤੱਕ ਕਿਵੇਂ ਪੀਲੇ ਭੂਕ ਹੋ ਗਏ, ਜਿੰਦਾਂ ਮੁੱਠ ਵਿਚ ਆ ਗਈਆਂ, ਸਾਰੇ ਵਿਚਾਰੇ ਗੰਢੇ ਦੀ ਭੂਕ ਹੋ ਰਹੇ ਹਨ। ਪਰ ਹਾਇ:-

ਵਹਿੰਦਾ ਬੇ ਪਰਵਾਹ ਵਹਣ ਝਨਾਉਂ ਦਾ,
ਚੜ੍ਹਿਆ ਹੈ ਅਸਗਾਹ ਜਾਂਦਾ ਮਸਤਿਆ,
ਡਾਢਾ ਬੇਗੁਮਰਾਹ ਛੱਲਾਂ ਮਾਰਦਾ,
ਤੁਰਦਾ ਰਾਹ ਕੁਰਾਹ ਨੱਠਾ ਜਾਂਵਦਾ,
ਨੱਸੇ ਵਾਹੋਦਾਹ ਕੁੱਝ ਨ ਵੇਖਦਾ।
ਲੱਗੀ ਡਾਢੀ ਢਾਹ, ਰੁੜ੍ਹਦਾ ਦੇਸ਼ ਹੈ,
ਪਸ਼ੂ ਰੁੜ੍ਹਦੇ ਆਹ! ਰੁੜਦੇ ਮਰਦ ਬੀ,
ਬ੍ਰਿੱਛ ਬੂਟੀਆਂ ਘਾਹ ਰੁੜ੍ਹਦੇ ਜਾ ਰਹੇ।
ਪਾੜ੍ਹੇ ਹਰਨ ਸਿਆਹ ਬੇਲਿਆਂ ਵਾਲੜੇ,
ਰੁੜ੍ਹਦੇ ਵਾਹੋ ਦਾਹ, ਪੇਸ਼ ਨ ਜਾਂਵਦੀ।
ਖੂਨੀ ਚੜ੍ਹਿਆ ਵਾਹ* ਕੱਪਰ ਕਹਿਰ ਦੇ,
ਲਭਦੀ ਨਾਹੀਂ ਥਾਹ ਚੜ੍ਹਿਆ ਐਤਨਾ।
ਕਰਦਾ ਬਹੁਤ ਵਿਨਾਹ ਏ ਮਦ ਮਸਤਿਆ,
ਮੌਲਾ ਦੇ ਪਨਾਹ ਵਹਣ ਝਨਾਉਂ ਤੋਂ।

---

* ਵਹਿਣ।

ਸੋ ਜਾਂਵੀਓ! ਕਾਸ ਨੂੰ ਪਏ ਸੁੱਖਣਾ ਸੁਖਦੇ ਹੋ, ਤੁਹਾਡੇ ਘਿਉ ਦੇ ਦੀਵਿਆਂ, ਗੁੜ ਦੀਆਂ ਰੋੜੀਆਂ, ਸ਼ਰੀਣੀਆਂ ਤੇ ਨਿਆਜ਼ਾਂ ਨੂੰ ਇਹ ਰਉਂ ਕਿਸ ਅਰਥ ਲਿਆਉਂਦਾ ਹੈ। ਇਹ ਉਹ ਪੱਥਰ-ਦਿਲ, ਕਦੇ ਨਾ ਪਸੀਜਣ ਵਾਲਾ ਰੌਂ ਹੈ ਜੋ ਸੋਹਣੀ ਦੀਆਂ ਪ੍ਰੇਮ ਕੁੱਠੀਆਂ ਅਰਜ਼ੋਈਆਂ ਅੱਗੇ ਭੀ ਨਹੀਂ ਦ੍ਰਵਿਆ ਸੀ। ਮਿੱਤਰੋ! ਜਿਸ ਨੂੰ ਸੋਹਣੀ ਦਾ ਦਿਲ ਪੰਘਾਰਨ ਵਾਲਾ ਵਾਸਤਾ ਨਾ ਨਰਮ ਕਰ ਸਕਿਆ, ਤੁਹਾਡਾ ਵੈਣ ਓਸ ਪੱਥਰਾਂ ਵਿਚ ਜਾਏ, ਪੱਥਰਾਂ ਵਿਚੋਂ ਆਏ, ਪੱਥਰ-ਚਿਤ ਵਹਣ ਨੂੰ ਕਦ ਤਰਸ ਵਿਚ ਲਿਆ ਸਕਦਾ ਹੈ? ਤਦੋਂ ਸੋਹਣੀ ਇਸ ਵਹਣ ਨੂੰ ਤਰਸ ਲਈ ਪੁਕਾਰੀ ਸੀ; ਪਰ ਹਾਇ ਸੋਹਣੀ ਦੀ ਪੁਕਾਰ, ਇਸ ਰੌਲਾ ਪਾਉਣ ਵਾਲੇ ਤੇ ਕਿਸੇ ਦੀ ਨਾ ਸੁਣਨ ਵਾਲੇ ਵਹਿਣ ਦੇ ਕੰਨਾਂ ਤੇ ਥਿੰਧੇ ਘੜੇ ਤੇ ਪਾਣੀ ਦੀ ਬੂੰਦ ਵਾਂਙ ਰਿੜ ਗਈ। ਜਦ ਇਸ ਨੇ ਇਕ ਨਾ ਸੁਣੀ ਤਾਂ ਵਹਣਾ ਦੇ ਖਾਜੇ ਅਗੇ ਓਹ ਪੁਕਾਰੀ, ਹਾਂ ਐਉਂ ਪੁਕਾਰੀ:-

ਵੈਂਦੀ ਵਾਰ ਨ ਬੋੜ,* ਵੇ ਖਾਜਿਆ!
ਆਂਦਿਆਂ ਜੋ ਤੈਂ ਭਾਵਸੀਂ,
ਵੰਵਣ ਦੇਵੀਂ ਤੋੜ,
ਕੌਲੋਂ ਕੂੜੀਂ ਨ ਪਵਾਂ (ਪ੍ਰਾਚੀਨ)

ਹਾਇ ਸੋਹਣੀ ਦੀ ਪੁਕਾਰ- ਹਾਂ ਕੌਲੋਂ ਕੂੜੀ ਨਾ ਪੈਣ ਦੀ ਪੁਕਾਰ- ਖ੍ਵਾਜਾ ਖ਼ਿਜ਼ਰ ਨੇ ਬੀ ਨਾ ਸੁਣੀ, ਪਰ ਹੁੱਬ ਦੀ ਕਣੀ ਵਾਲੀ ਸੋਹਣੀ ਨੇ ਜਦ ਡਿੱਠਾ ਕਿ ਇਸ ਪਿਆਰ-ਹੀਣ ਖ਼ਿਜ਼ਰ ਨੇ ਮੇਰੀ ਦੋਹਾਈ ਨਹੀਂ ਸੁਣੀ ਤਾਂ ਜਿੰਦ ਦੇ ਹੁਸਨ ਪੰਘੂੜੇ ਚੜ੍ਹ ਕੇ ਬੋਲੀ:-

ਬੋੜ ਵੇ ਖਾਜਿਆ! ਬੋੜ,
ਕੀ ਬੋੜੇਂ ਮਾਸ ਤੇ ਹੱਡੀਆਂ?
ਏਹ ਜੀਅ ਵੈਸੀ ਤੋੜ,
ਜਿੱਥੇ ਇਸ਼ਕ ਮੁਹੱਬਤਾਂ ਲੱਗੀਆਂ। (ਪ੍ਰਾਚੀਨ)

---

* ਖਾਜਿਆ! ਜਾਂਦੀ ਵਾਰੀ ਨਾ ਡੋਬ, ਆਉਂਦੀ ਵਾਰੀ ਜੋ ਤੈਨੂੰ ਭਾਵੇ ਕਰ ਲਈਂ ਤਾਕਿ ਮੈਂ ਅਪਨੇ ਦਿਤੇ ਹੋਏ ਕੌਲ ਤੋਂ ਝੂਠੀ ਨਾ ਪਵਾਂ।

ਸੋ ਹੇ ਜਾਈਓਂ! ਨਾ ਮਿੰਨਤਾਂ ਕਰੋ, ਏਸ ਵਹਣ ਨੇ ਕਿਸੇ ਦੀ ਨਹੀਂ ਜੇ ਸੁਣਨੀ। ਨਿੱਤਰੋ, ਜੇ ਤੁਸਾਡੇ ਵਿਚ ਕੋਈ ਕਣੀ ਵਾਲਾ ਹੈ ਤਾਂ ਆਖੇ, ਅਰ ਇਸ ਨਿਰਦਈ ਵਹਣ ਨੂੰ ਵੰਗਾਰ ਕੇ ਸੋਹਣੀ ਵਾਂਗੂੰ ਆਖੇ:-

ਬੋੜ ਵੇ ਖਾਜਿਆ! ਬੋੜ,
ਕੀ ਬੋੜੇਂ ਮਾਸ ਤੇ ਹੱਡੀਆਂ?
ਏਹ ਜੀਅ ਵੈਸੀ ਤੋੜ,
ਜਿਥੇ ਪ੍ਰੇਮ ਤਣਾਵਾਂ ਗੱਡੀਆਂ।
(ਪ੍ਰਾਚੀਨ)

ਆਹ! ਕੌਣ ਵੰਗਾਰ ਕੇ ਆਖੇ, ਉੱਚੀ ਜਿੰਦੋਂ ਖਾਲੀ, ਪ੍ਰੇਮ ਕਣੀਓਂ ਬੀ ਖਾਲੀ, ਕੌਣ ਬੋਲੇ? ਹਾਇ! ਹਾਇ! ਦੀ ਅਵਾਜ਼ ਉੱਠੀ, ਚੀਕ-ਚਿਹਾੜਾ ਉੱਚਾ ਹੋਇਆ, ਕਾਵਾਂ-ਰੌਲੀ ਪੈ ਗਈ। ਕੁਝ ਪਾਓ, ਸੱਜਣੋਂ! ਵਹਣ ਨੇ ਤਾਂ ਇਕ ਨਹੀਂ ਜੇ ਸੁਣਨੀ, ਮਰਨਾ ਮੰਡ ਗਿਆ ਹੈ: ਹੁਣ ਮਰੋ ਤਾਂ ਮਰਦ ਬਣਕੇ ਮਰੋ, ਸੋਹਣੀ ਵਾਂਗੂੰ ਵਹਣ ਨੂੰ ਮਖ਼ੌਲ ਕਰਕੇ ਮਰੋ, ਹਾਂ ਇਹ ਦੱਸ ਕੇ ਮਰੋ ਕਿ:-

**ਮਰਣਹਾਰੁ ਇਹੁ ਜੀਅਰਾ ਨਾਹੀ॥**
(ਗਉੜੀ ਮ: ੫, ਪੰਨਾ-੧੮੮)

ਹਾਂ ਜੀ, ਇਹ ਦੱਸਕੇ ਮਰੋ ਕਿ:-

ਪ੍ਰੇਮ ਦੀ ਖਿੱਚ ਵਾਲਾ 'ਪ੍ਰੀਤਮ ਕੋਲ'
ਜਾਂਦਾ ਹੈ, ਮਰਦਾ ਕਦ ਹੈ?

ਪਰ ਮੁਰਦੇ ਅੱਗੇ ਹੀ ਮਰ ਚੁੱਕੇ, ਮਨੁੱਖਾ ਜਨਮ ਪਾ ਕੇ ਮੁਰਦੇ ਹੋ ਚੁਕੇ, ਆਸ ਅੰਦੇਸੇ ਦੇ ਕੈਦੀ ਕੀ ਆਖਣ! ਆਖਣ ਤੇ ਇਹ ਆਖਣ 'ਹਾਇ ਗਏ! ਹਾਏ ਮਰ ਗਏ', ਹੋਰ ਕੀ ਆਖਣ। ਸੋ ਪਏ ਆਖਣ, ਪਾਣੀ ਬੱਲਿਓਂ ਵਧ ਤੁਰਿਆ; ਨੇਜਿਓਂ ਉਛਲਿਆ, ਬੇੜਾ ਡਗਮਗਾਇਆ, ਸਾਰਾ ਪੂਰ ਬਿਨ ਡੁਬੇ ਭੈ ਵਿਚ ਗ਼ਰਕ ਹੋ ਪਿੱਟਿਆ। ਪਰ ਨਹੀਂ ਜੀ ਨਹੀਂ, ਔਹ ਤੱਕੋ ਇਕ ਸੋਹਣਾ, ਗੋਰੇ ਰੰਗਾ, ਵਿਚਲੇ ਕੱਦ ਦਾ, ਪਰ ਭਰਵੇਂ ਸਰੀਰ ਦਾ, ਛੋਟੀ ਛੋਟੀ ਦਾਹੜੀ ਵਾਲਾ ਇਕ ਬੰਦਾ, ਨਿੱਤਰ ਪਿਆ ਜੇ। ਸਰੋਦਾ ਲੈ ਬੈਠਾ ਤੇ ਸੁਰ ਛੇੜੀਓਸੁ:-

'ਚਲੋ ਨੀ ਸਹੀਓ ਰਲ ਵੇਖਣ ਚਲੀਏ ਰਾਂਝਣ ਸੂਲੀ ਚੜ੍ਹਦਾ।
ਚੜ੍ਹਦਾ ਚੜ੍ਹਦਾ ਕਰੇ ਮਜ਼ਾਖਾਂ ਮੌਤੋਂ ਮੂਲ ਨ ਡਰਦਾ।'
(ਪ੍ਰਾਚੀਨ)

ਵਾਹ ਭਾਈ ਮਰਦਾ! ਬੰਦਿਆ ਰੱਬ ਦਿਆ! ਰੱਖ ਵਿਖਾਈ ਊ। ਬਾਬੇ ਨਾਨਕ ਦੇ ਸੰਵਾਰਿਆ! ਰਖ ਵਿਖਾਈ ਊ! ਵਾਹ ਬਈ ਗੁਰ ਨਾਨਕ ਦੇ ਨਾਮ ਲੇਵਿਆ! ਔਖੀ ਵੇਲੇ ਰੰਗ ਖੇੜਿਆ ਈ, ਵਾਹ ਓਏ ਰਬ - ਨਾਨਕ ਦੇ ਤਾਰਿਆ, ਤਾਰ ਲਿਆ ਈ! ਹਾਂ ਬਈ, ਹੋਰ ਤਾਂ ਭੈ ਸਾਗਰ ਵਿਚ ਅੱਗੇ ਹੀ ਡੁੱਬੇ ਪਏ ਸਨ, ਹੁਣ ਸ਼ਹੁ ਸਾਗਰ ਵਿਚ ਡੁੱਬਦੇ ਪਏ ਪਿੱਟਦੇ ਹਨ, ਤੂੰ ਕਿਸੇ ਬੰਦੇ ਦਾ ਜਾਇਆ ਹੈਂ ਜੋ ਐਸ ਵੇਲੇ ਨਿਰਭੈਤਾ ਦੱਸੀ ਊ? ਤੇਰੇ ਸ਼ਾਬਾਸ਼! ਏਹ ਅਣਡੁੱਬੇ, ਡੁੱਬਣ ਨੂੰ ਤਿਆਰ, ਅਗੇ ਹੀ ਗ਼ਰਕ ਹੋਏ ਤਾਂ ਤੇਰੀ ਨਹੀਂ ਸੁਣਦੇ, ਉਹ ਤਾਂ ਆਪਣੇ ਪਿਟ ਪਟਊਏ ਨੂੰ ਸੁਣ ਸੁਣ ਕੇ ਮਰ ਰਹੇ ਹਨ। ਸਾਨੂੰ ਸੁਣਾ ਤੇ ਆਪ ਨੂੰ ਸੁਣਾ, ਤੇਰੀ ਸੁਰ ਕੀ ਬੋਲਦੀ ਹੈ:-

**ਫਰੀਦਾ ਪੰਖ ਪਰਾਹੁਣੀ ਦੁਨੀ ਸੁਹਾਵਾ ਬਾਗੁ॥**
**ਨਉਬਤਿ ਵਜੀ ਸੁਬਹ ਸਿਉ ਚਲਣ ਕਾ ਕਰਿ ਸਾਜੁ॥੭੯॥**
(ਪੰਨਾ-੧੩੮੨)

ਠੀਕ ਬਈ ਸਿੰਘਾ! ਸੁਆਦ ਆ ਗਿਆ। ਖ਼ੂਬ ਰਸ ਦਿੱਤਾ ਹਈ, ਤੂੰ ਬਈ ਕਿਸੇ ਜੀਉਂਦੇ ਦਾ ਮੇਲੀ ਦੀਂਹਦਾ, ਹੈਂ ਨਹੀਂ ਤਾਂ ਆਹ ਅਸਗਾਹ ਚੜ੍ਹੇ ਦਰਿਆ, ਫੇਰ ਝਨਾ, ਬੇਤਰਸ ਵਹਣ, ਤੇ ਕੱਪਰਵਾਤਾਂ! ਆਹ ਉਛਾਲੇ ਤੇ ਬੇੜੇ ਗ਼ਰਕੀ! ਤੇ ਤੇਰਾ ਦਿਲ ਕਹੇ ਹਾਂ, ਤੇਰੇ ਅੰਦਰ ਕਿਸੇ ਦਾਤੇ ਦੀ ਕਣੀ ਉਛਲੇ ਤੇ ਕਹੇ: "ਇਹ ਸੁਬਹ ਦੀ ਨਉਬਤ ਵੱਜੀ ਹੈ, ਹੁਣ ਚਲਣ ਦਾ ਸਾਜ ਕਰੋ।" ਵਾਹ ਬਈ, ਕਰ ਮੌਤ ਨੂੰ ਮਜਾਖਾਂ, ਹਾਂ ਦੱਸ ਦੇਹ ਕਿ ਮੌਤ ਦਾ ਭੈ ਤੇਰੇ ਲਈ ਕੁਛ ਸ਼ੈ ਨਹੀਂ। ਵਾਹ ਓਏ ਸੱਜਣਾਂ! ਗੁਰ ਨਾਨਕ ਦੇ ਨਾਮ ਲੇਵਿਆ! ਤੇਰੇ ਵਿਚ 'ਨਾਨਕ ਨਿਰੰਕਾਰੀ' ਦੀ ਕਣੀ ਹੈ, ਇਸ ਨੂੰ ਆਖਦੇ ਹਨ ਜਿੰਦ, ਹਾਂ ਬਈ ਸੱਜਣਾ! ਜ਼ਰਾ ਸੁਣਾ ਦੇਹ ਨਾ ਕਿ ਚੱਲਣ ਦਾ ਸਾਜ ਕਿਵੇਂ ਕੀਤਾ ਹਈ? ਠੀਕ ਹੈ, ਮਲ੍ਹਾਰ ਛੇੜੀ ਆ? ਠੀਕ, ਵੇਲਾ ਬੀ ਮਲ੍ਹਾਰ ਦਾ ਹੀ ਹੈ। ਇਹ ਹੋਰ ਤੇਰੀ ਜਿੰਦ ਦੀ ਨਿਸ਼ਾਨੀ ਹੈ। ਵੇਖੋ ਲੋਕੋ ਸਿੰਘ ਹੁਰਾਂ ਹੁਣ ਮਲ੍ਹਾਰ ਛੇੜਿਆ ਜੇ। ਓਏ ਖਾਲਸਿਆ! ਦੇਖ ਜੰਵ,

ਜਾਂਵੀ ਤੇ ਲਾੜ੍ਹਾ, ਬੇੜਾ ਪੂਰ ਦਾ ਪੂਰ ਗਰਕਣ ਤੇ ਹੈ ਤੇ ਤੇਰਾ ਮਲ੍ਹਾਰ ਦਾ ਵੇਲਾ ਆਇਆ ਹੈ। ਠੀਕ ਹੈ, ਜੀਉਂਦੇ ਨੂੰ ਸਦਾ ਚਾਅ ਤੇ ਮਲ੍ਹਾਰ। ਸਾਨੂੰ ਬੀ ਚਾਅ ਮਲ੍ਹਾਰ ਚੜ੍ਹ ਗਿਆ ਈ। ਸ਼ੁਕਰ ਹੈ, ਝਨਾ ਨੂੰ, ਜਿਵੇਂ ਸੋਹਣੀ ਨੇ ਵੰਗਾਰ ਕੇ ਖੱਜਲ ਤੇ ਸ਼ਰਮਿੰਦਾ ਕੀਤਾ ਸੀ, ਅੱਜ ਤੂੰ ਆਪਣੀ ਸੁਰ ਸੁਣਾ ਕੇ ਮਰ ਜਾਣੀ ਨੂੰ ਪਾਣੀ ਪਾਣੀ ਕਰ ਦੇਹ, ਓਹ ਮੁੜ੍ਹਕਾ ਪਵੇਸੂ ਕਿ ਕਿਸੇ ਸ਼ਹੁ ਸਮੁੰਦਰੇ ਡੁੱਬ ਮਰੇ। ਹਾਂ ਬਈ ਐਸ ਵੇਲੇ ਨਿਰਭੈ ਪੁਰਖਾ! ਸੁਣਾ ਮਲ੍ਹਾਰ, ਦੱਸ ਦੇਹ ਕਿ ਤੂੰ ਨਿਰਭੈ ਪਦ ਦਾ ਖਿਲਾੜੀ ਹੈ:-

**ਪ੍ਰਭ ਮੇਰੇ ਪ੍ਰੀਤਮ ਪ੍ਰਾਨ ਪਿਆਰੇ॥**
**ਪ੍ਰੇਮ ਭਗਤਿ ਅਪਨੋ ਨਾਮੁ ਦੀਜੈ ਦਇਆਲ ਅਨੁਗ੍ਰਹੁ ਧਾਰੇ॥੧॥ਰਹਾਉ॥**
**ਸਿਮਰਉ ਚਰਨ ਤੁਹਾਰੇ ਪ੍ਰੀਤਮ ਰਿਦੈ ਤੁਹਾਰੀ ਆਸਾ॥**
**ਸੰਤ ਜਨਾ ਪਹਿ ਕਰਉ ਬੇਨਤੀ ਮਨਿ ਦਰਸਨ ਕੀ ਪਿਆਸਾ॥੧॥**
**ਬਿਛੁਰਤ ਮਰਨੁ ਜੀਵਨੁ ਹਰਿ ਮਿਲਤੇ ਜਨ ਕਉ ਦਰਸਨੁ ਦੀਜੈ॥**
**ਨਾਮ ਅਧਾਰੁ ਜੀਵਨ ਧਨੁ ਨਾਨਕ ਪ੍ਰਭ ਮੇਰੇ ਕਿਰਪਾ ਕੀਜੈ॥੨॥੫॥੯॥**
(ਮਲਾਰ ਮ:੫, ਪੰਨਾ-੧੨੬੮)

ਲੈ ਬਈ ਜੀਉਂਦਿਆ! ਤੈਨੂੰ ਤਾਂ ਵਿਛੋੜੇ ਵਿਚ, ਮਰਨ ਵਿੱਚ, ਜੀਵਨ ਵਿਚ, ਹਰ ਹਾਲ ਵਿਚ ਪਿਆਰੇ ਦੇ ਦਰਸ਼ਨ ਦੀ ਪਿਆਸ ਹੈ। ਹੇ ਅਸਗਾਹ ਪਾਣੀ ਵਿਚ ਬੈਠੇ ਦਰਸ ਪਿਆਸਿਆ! ਲੈ ਤੇਰਾ ਮਲ੍ਹਾਰ ਸਫ਼ਲ, ਆਇਆ ਈ ਉਛਾਲਾ, ਔਹ ਬੇੜਾ ਉਲਟਿਆ, ਸਭ ਦਾ ਬੇੜਾ ਗ਼ਰਕ, ਮਲਾਹ, ਮੁਹਾਣੇ, ਪਾਤਣੀ ਗ਼ਰਕ, ਜੰਵ, ਜਾਵੀ, ਲਾੜਾ ਗ਼ਰਕ, ਪਰ ਤੇਰਾ ਬੇੜਾ ਪਾਰ। ਤੇਰਾ ਬੇੜਾ ਇਕ ਸਾਂਈਂ ਦੇ ਦਰਸ਼ਨ! ਸੋ ਚਾਅ ਮਲ੍ਹਾਰਾਂ ਨਾਲ ਮਲ੍ਹਾਰ ਗਾਂਦਿਆਂ ਪਾਰ, ਜਾਹ ਬਈ ਸੱਜਣਾ ਤੇਰਾ ਬੇੜਾ ਪਾਰ!

ਇਕ ਕਰੜਾ ਉਛਾਲਾ ਆਇਆ, ਬੇੜਾ ਘੁੰਮਣ ਘੇਰੀਓਂ ਨਿਕਲਦਾ ਉਲਟ ਗਿਆ। ਕੁਰਲੱਟ ਪਈ, ਸਾਰਾ ਪੂਰ ਗ਼ਰਕ, ਕੁਛ ਦੂਰ ਤਕ ਕੋਈ ਕੋਈ ਬਾਹਾਂ ਮਾਰਦੇ ਤਰਦੇ ਦਿਸੇ, ਕੋਈ ਉਛਾਲੇ ਖਾਂਦੇ ਨਜ਼ਰ ਪਏ, ਪਰ ਲਹਿਰ ਦੀ ਉਛਾੜ ਪਛਾੜ ਨਾਲ ਪੇਸ਼ ਨਾ ਗਈ, ਪਲੋਪਲੀ ਵਿਚ ਸਾਰੇ ਉਸ ਹੜ੍ਹ ਤੇ ਕਾਂਗਾਂ ਭਰੇ ਵਹਣ ਵਿਚ ਰੁੜ੍ਹ ਗਏ। ਸ਼ੋਕ! ਰੁੜ੍ਹ ਗਏ। ਹਾਂ, ਉਹ ਪਹਿਲੋਂ ਮੋਹ ਮਾਇਆ ਦੇ ਭਵ ਸਾਗਰ ਵਿਚ ਰੁੜ੍ਹ ਚੁਕੇ ਸਨ,

ਹੁਣ ਨੈਂ ਵਿਚ ਰੁੜ੍ਹ ਗਏ ਤਾਂ ਕੀ ਹੋਇਆ; ਮਾਨੋਂ ਰੁੜ੍ਹਿਆਂ ਦਾ ਕੀ ਰੁੜ੍ਹਨਾ, ਮਾਨੋਂ ਮੁਇਆਂ ਦਾ ਕੀ ਮਰਨਾ। ਪਰ ਜਿੰਦ ਸਭ ਦੀ ਅਮੋਲਕ ਹੈ, ਐਵੇਂ ਗਈ ਦਾ ਮਹਾਨ ਸ਼ੋਕ ਹੈ ਤੇ ਦੂਹਰੀ ਐਵੇਂ ਗਈ ਦਾ ਤਾਂ ਦੂਹਰਾ ਸ਼ੋਕ ਕਿਉਂ ਨਾ ਹੋਵੇ! ਠੀਕ ਹੈ! ਹਾਂ, ਸ਼ੋਕ ਹੈ ਤੇ ਮਹਾਨ ਸ਼ੋਕ ਹੈ। ਹਾਂ ਬਈ, ਉਸ ਜੀਉਂਦੇ ਲਈ ਵਧੇਰੇ ਸ਼ੋਕ ਹੈ, ਪਰ ਉਸ ਲਈ ਕਾਹਦਾ ਸ਼ੋਕ! ਉਹ ਨਾਮ ਅਧਾਰ, ਸਿਮਰਨ ਦੇ ਤੁਲਹੇ ਵਾਲਾ, ਦਰਸ਼ਨ ਦੇਸ਼ ਦਾ ਸੁਦਾਗਰ ਕਾਹਨੂੰ ਰੁੜ੍ਹਿਆ, ਜਿਸ ਨੇ ਮਰਨ ਵੇਲੇ ਕਹਿ ਦਿਤਾ ਕਿ ਹੁਣ ਚਲਣੇ ਦਾ ਸਾਜ ਹੈ। ਹਾਂ, ਜਿਸ ਨੇ ਕਹਿ ਦਿੱਤਾ ਕਿ ਮਲ੍ਹਾਰਾਂ ਦਾ ਵੇਲਾ ਹੈ, ਪ੍ਰੀਤਮ ਪ੍ਰਾਨ ਅਧਾਰ ਦੀ ਗੋਦੀ ਚਲੇ ਹਾਂ। ਰੁੜ੍ਹ ਗਏ ਹਡ, ਚੰਮ ਤੇ ਮਾਸ, ਜੀਉਂਦੀ ਜਿੰਦ ਤੁਰ ਗਈ, ਉਠ ਗਈ, ਪਹੁੰਚ ਗਈ ਹੋਊ ਪ੍ਰੀਤਮ ਦੇ ਦੇਸ। ਮੌਜਾਂ ਹਨ! ਦੋਹੀਂ ਹੱਥੀਂ ਲੱਡੂ, ਜੀਵੇ ਤਾਂ ਨਾਮ ਰਸ, ਮੋਏ ਤਾਂ ਦਰਸ਼ਨ ਰਸ।

 www.sikhbookclub.com

## ੨. ਬ੍ਰੇਤੀ

**ਐ ਜੀ ਕਾਲੁ ਸਦਾ ਸਿਰ ਊਪਰਿ ਠਾਢੇ ਜਨਮਿ ਜਨਮਿ ਵੈਰਾਈ॥**
**ਸਾਚੈ ਸਬਦਿ ਰਤੇ ਸੇ ਬਾਚੇ ਸਤਿਗੁਰ ਬੂਝ ਬੁਝਾਈ॥੮॥੩॥**
(ਗੂਜਰੀ ਮ:੧, ਪੰਨਾ-੫੦੪)

ਹਾਂ ਜੀ, ਸਾਰੇ ਮਰ ਗਏ, ਮੋਏ ਤੇ ਮਰ ਗਏ? ਨਾ ਜੀ! ਮੋਇਆਂ ਦੀਆਂ ਤਾਂ ਵਿਰਲਾਪ ਕਰਦੀਆਂ, ਆਪਣਾ ਸਿਆਪਾ ਆਪ ਕਰਦੀਆਂ ਲੋਥਾਂ ਰੁੜ੍ਹ ਗਈਆਂ, ਪਰ ਕਿਉਂ ਜੀਉਂਦੇ ਨੂੰ ਤਰਸ ਨ ਆਇਆ? ਵਹਣ ਨੇ ਰੱਬ-ਰਜ਼ਾ ਵਲ ਰਉਂ ਕਰਨਾ ਸੀ, ਰੱਬ ਰਜ਼ਾ ਨੇ ਕਰਮਾਂ ਵਲ ਰੌਂ ਕਰਨਾ ਸੀ, ਤੇ ਕਰਮਾਂ ਦੀ ਲਹਿਰ ਨੇ, ਜਿਨ੍ਹਾਂ ਵਿਚੋਂ ਉਪਜੀ ਸੀ, ਸੰਸਾਰ ਚੱਕਰ ਲਾ ਕੇ, ਆਪਣੇ ਜਨਕਾਂ* ਵਿਚ ਹੀ ਆ ਕੇ ਲੀਨ ਹੋਣਾ ਸੀ, ਸੋ:-

**ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ॥**
**ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ॥**
(ਧਨਾ: ਤ੍ਰਿਲੋਚਨ ਜੀ, ਪੰਨਾ-੬੯੫)

ਕਿਸੇ ਦਾ ਕੀ ਦੋਸ਼:-

**ਫੇੜੇ ਕਾ ਦੁਖੁ ਸਹੈ ਜੀਉ॥**
**ਪਾਛੇ ਕਿਸਹਿ ਪੁਕਾਰਹਿ ਪੀਉ ਪੀਉ॥੩॥**
(ਬਸੰ: ਰਵਿਦਾਸ ਜੀ, ਪੰਨਾ-੧੧੯੬)

---

* ਜਿਨ੍ਹਾਂ ਤੋਂ ਕਰਮ ਉਪਜੇ ਸਨ

ਮੰਨਿਆ ਕਿ ਵਹਣ ਨੇ ਰੱਬ ਰਜ਼ਾ ਦਾ ਰੌ ਕੀਤਾ, ਮੰਨਿਆਂ ਕਿ ਕੁਦਰਤ ਸਾਰੀ ਆਪਣੇ ਰਾਹੇ ਭੈ ਵਿਚ ਵਗਾਰ ਕੱਟਦੀ, ਹੁਕਮ ਦੀ ਬੱਧੀ ਟੁਰੀ ਗਈ, ਕੋਈ ਡੁਬੇ ਕੋਈ ਤਰੇ, ਕੋਈ ਉਜੜੇ ਕੋਈ ਵੱਸੇ ਕਰਮ ਦੀ ਨੈ ਅਪਣੇ ਵੇਗ ਵਿਚ ਚਲ ਰਹੀ ਹੈ। ਪਰ ਬੇੜੇ ਦੇ ਵਿਚ ਇਕ ਜੀਉਂਦੀ ਕਣੀ ਵਾਲਾ ਮਨੁੱਖ ਸੀ, ਉਸ਼ ਦਾ ਧਰਮ 'ਦਇਆ' ਸੀ। ਭਾਵੇਂ ਸਦਾ ਪਾਪਾਂ ਨਾਲ ਹੀ ਭਰ ਕੇ ਡੁੱਬੀਦਾ ਹੈ, ਭਾਵੇਂ ਕੀਤੇ ਦਾ ਹੀ ਫਲ ਪਾਈਦਾ ਹੈ, ਪਰ ਜੀਉਂਦੇ ਮਨ ਦਾ ਧਰਮ ਦਇਆ ਹੈ, ਉਸ ਰਸੀਏ ਦੇ ਅੰਦਰ ਤਾ ਤਰਸ ਫੇਰਾ ਪਾਉਂਦਾ, ਮਰਨ ਹਾਰਾਂ ਲਈ ਕੋਈ ਜਤਨ ਕਰਦਾ, ਕੋਈ ਵਾਹ ਲਾਉਂਦਾ, ਕੋਈ ਹੰਝੂ ਕੇਰਦਾ, ਕੋਈ ਬਾਹੁੜੀ ਕਰਦਾ। ਉਹ ਜਾਗਦਾ ਦਿਲ, ਉਹ ਝਮਕਦਾ ਨੈਣ, ਉਹ ਤ੍ਰਬਕਦਾ ਸੀਨਾ, ਉਹ ਗੇੜਾ ਲਾਂਦਾ ਲਹੂ, ਰਤਾ ਬੀ ਦਇਆ ਦੇ ਉਛਾਲ ਵਿਚ ਨਾ ਆਇਆ? ਭਾਵੇਂ ਕੋਈ ਪੁੰਨੀ ਹੈ ਭਾਵੇਂ ਕੋਈ ਪਾਪੀ, ਭਾਵੇਂ ਕੋਈ ਸਜ਼ਾ ਭੁਗਤ ਰਿਹਾ ਹੈ ਭਾਵੇਂ ਕਲੇਸ਼, ਜੀਉਂਦਾ ਦਿਲ, ਰੱਬ ਦੀ ਲੋਅ ਵਾਲਾ ਦਿਲ ਤਾਂ ਸਦਾ ਦਇਆ ਕਰਦਾ ਹੈ ਤੇ ਸਭ ਤੇ ਦਇਆ ਕਰਦਾ ਹੈ।

ਠੀਕ ਹੈ, ਸੱਚ ਹੈ! ਤੁਸਾਂ ਤੱਕਿਆ ਨਹੀਂ। ਹਾਂ ਜੀ, ਉਹ ਜੀਉਂਦਾ ਦਿਲ ਉਛਾਲੇ ਵਿਚ ਆਇਆ ਸੀ, ਪਰ ਕਿਸੇ ਤੱਕਿਆ ਨਾ। ਉਹ ਤ੍ਰਬਕਦੀ ਛਾਤੀ ਪਿਆਰ ਨਾਲ ਉਛਲੀ ਸੀ, ਪਰ ਕੋਈ ਸੀਨੇ ਆ ਕੇ ਲੱਗਾ ਨਾ, ਓਹ ਗੇੜ ਲਾਂਦਾ ਲਹੂ ਬੋਲਿਆ ਸੀ, ਪਰ ਕਿਸੇ ਸੁਣਿਆ ਨਾ, ਉਸ ਅਝਮਕ ਝਮਕਦੀ ਅੱਖ ਨੇ ਪਿਆਰ ਦੀ ਨੈਂ ਵਹਾਈ ਸੀ, ਪਰ ਕਿਸੇ ਨੇ ਉਸ ਅੰਮ੍ਰਿਤ ਪ੍ਰਵਾਹ ਤੋਂ ਲਾਭ ਲਿਆ ਨਾ।

ਭਲਾ ਜੀ ਕੀਕੂੰ? ਅਸਾਂ ਤਾਂ ਡਿੱਠਾ ਨਹੀਂ। ਲਓ ਸਮਝੋ! ਮਲਾਹਾਂ ਨਾਲ ਉਸ ਜੁਆਨ ਦੇ ਡੌਲੇ ਤਦ ਤਾਈਂ ਵਾਹਾਂ ਲਾਂਦੇ ਰਹੇ ਜਦ ਤੋੜੀ ਅਕਲ ਦੱਸਦੀ ਸੀ ਕਿ ਬਚਾ ਹੋ ਸਕਦਾ ਹੈ ਤੇ ਅੱਖ ਤਕਦੀ ਸੀ ਕਿ ਬਚਾ ਦੀ ਆਸ ਹੈ। ਜਦ ਡਿੱਠਾ ਕਿ ਹੁਣ ਆਸ ਕਰਨੀ ਆਸ ਦਾ ਲੱਕ ਤੋੜਨਾ ਸੀ ਅਤੇ ਉਸ ਦੇ ਡੌਲੇ, ਜੋ ਵਾਂਸਾਂ ਤੇ ਚੱਪਿਆਂ ਲਈ ਅਣਜਾਣ ਸੇ, ਥੱਕ ਹੁੱਟੇ ਸੇ, ਜਦ ਉਸ ਡਿੱਠਾ ਕਿ ਬੇੜਾ ਚਲਿਆ ਹੈ ਉਸ ਨੇ ਸਾਜ਼ ਚਾ ਖੋਹਲਿਆ ਤੇ ਅਤਿ ਉੱਚੀ ਸਹਾਇਤਾ ਕੀਤੀ। ਸਾਥੀਆਂ ਨੂੰ ਸੋਹਣੀ ਕੋਲੋਂ ਉਚੇਰਾ ਸਬਕ ਪੜ੍ਹਾਇਆ ਕਿ ਲਓ ਬਈ ਹੁਣ ਪੇਸ਼ ਨਹੀਂ ਜੇ ਜਾਂਦੀ ਤੇ ਮੜੋਲੀਆਂ ਨਹੀਂ

ਜੇ ਬਚਦੀਆਂ, ਹਾਂ ਏਹ ਮਿੱਟੀ ਦੀਆਂ ਕੋਠੀਆਂ, ਜਿਨ੍ਹਾਂ ਵਿਚ ਅਸੀਂ ਵੱਸਦੇ ਹਾਂ, ਢਹਿਣ ਲੱਗੀਆਂ ਜੇ, ਲਓ ਇਨ੍ਹਾਂ ਨੂੰ ਢਹਿਣ ਦਿਓ, ਤੇ ਤੁਸੀਂ ਸਲਾਮਤ ਵਿਚੋਂ ਨਿਕਲ ਚੱਲੋ। ਹਾਂ, ਆਓ ਮੈਂ ਤੁਹਾਨੂੰ ਤੁਹਾਡੇ ਢਹਿੰਦੇ ਕੋਠਿਆਂ ਹੇਠਾਂ ਦੱਬੇ ਜਾਣ ਤੋਂ ਛੁਡਾ ਲਵਾਂ, ਤੁਹਾਡੇ ਜੇ ਕੋਠੇ, ਕੁੱਲੇ ਤੇ ਮੜੋਲੇ ਨਹੀਂ ਬਚਦੇ ਤਾਂ ਆਓ ਤੁਸੀਂ ਤਾਂ ਬਚੋ। ਆਓ ਆਓ ਮੈਂ ਤੁਹਾਨੂੰ ਮਿੱਟੀ ਦੀਆਂ ਕੁੱਲੀਆਂ ਵਿਚੋਂ ਸਲਾਮਤ ਬਾਹਰ ਲੈ ਚਲਾਂ। ਠੀਕ ਇਸ ਮਰਦਾਵੇ ਨੇ ਉਨ੍ਹਾਂ ਨਾਲ ਸੱਚਾ ਪਿਆਰ ਕੀਤਾ। ਉਨ੍ਹਾਂ ਪਰ ਪੂਰਨ ਦਇਆ ਕੀਤੀ, ਪਰ ਉਨ੍ਹਾਂ ਨੇ ਕੋਠਿਆਂ ਦੇ ਢਹਿਣ ਦੇ ਵਿਰਲਾਪ ਨੂੰ ਪਿਆਰ ਕੀਤਾ, ਹਾਂ ਜੀ ਉਨ੍ਹਾਂ ਆਪਣੀ ਜਿੰਦ ਦੇ ਆਪ ਵੈਰੀਆਂ ਨੇ ਆਪਣੀ ਜਿੰਦ ਨੂੰ ਆਪ ਹੀ ਪਿਆਰ ਨਾ ਕੀਤਾ।

ਜਿਸ ਵੇਲੇ ਮਰਨਾ ਮੰਡ ਗਿਆ ਹੈ, ਮੌਤ ਠਟ ਚੁਕੀ ਹੈ, ਉਸ ਵੇਲੇ ਜੇ ਜਿੰਦੜੀ ਮੌਤ ਨੂੰ ਮਖੌਲ ਨਹੀਂ ਕਰਦੀ, ਤਾਂ ਉਹ ਕਾਹਦੀ ਜਿੰਦੜੀ ਹੈ। ਜਿਸ ਜਿੰਦੜੀ ਨੂੰ ਇਹ ਭਰੋਸਾ ਨਹੀਂ ਕਿ ਮੈਂ ਜਿੰਦ ਹਾਂ, ਮੈਂ ਸਦਾ ਜਿੰਦ ਹਾਂ, ਮੈਂ ਕਦੇ ਅਜਿੰਦ ਨਹੀਂ, ਹਾਂ ਹਾਂ, ਉਹ ਜਿੰਦੜੀ, ਜੋ ਆਪਣੇ ਜਿੰਦ ਹੋਣ ਦੇ ਸਿਦਕ ਵਿਚ ਨਹੀਂ, ਉਹ ਕਾਹਦੀ ਜਿੰਦ ਹੈ? ਉਹ ਜਿੰਦ ਆਤਮਘਾਤੀ ਹੈ, ਮੌਤ ਉਸਨੂੰ ਨਹੀਂ ਮਾਰ ਰਹੀ, ਉਹ ਤਾਂ ਆਪ ਆਪਣੇ ਆਪ ਨੂੰ ਕਤਲ ਕਰ ਰਹੀ ਹੈ, ਹਾਂ ਜੀ, ਉਹ ਜੋ ਜਿੰਦ ਹੋ ਕੇ ਮੌਤ ਤੋਂ ਡਰਦੀ ਹੈ, ਓਹ ਆਪਣੇ ਆਪ ਨੂੰ ਆਪ, ਆਪਣੇ ਇਸ ਵਹਿਮ ਵਿਚ ਕਿ 'ਹਾਇ ਮੈਂ ਮਰ ਜਾਸਾਂ, ਬੰਨ੍ਹਦੀ ਤੇ ਕੈਦ ਪਾਉਂਦੀ ਹੈ। ਉਸ ਕੈਦ ਤੋਂ ਛੁਟਕਾਰਾ ਕੈਸਾ ਪੁੰਨ ਹੈ, ਕੈਸਾ ਪਿਆਰ ਹੈ, ਕੈਸੀ ਦਇਆ ਹੈ। ਹਾਂ; ਉਸ ਵੇਲੇ ਦਾ ਉੱਚਾ ਪਿਆਰ ਇਹੋ ਹੈ।

ਵਾਹ ਨੀ ਸੋਹਣੀਏਂ! ਇਸ ਬੇੜੇ ਦੇ ਪੂਰ ਕੋਲੋਂ ਤੂੰ ਬਹਾਦਰ ਨਿਕਲੀ। ਭਾਵੇਂ ਤੂੰ 'ਅਮਰ ਪ੍ਰੀਤਮ' ਦੇ ਪ੍ਰੇਮ ਵਿਚ ਨਾ ਸੀ, ਪਰ ਤੂੰ ਫੇਰ ਵੀ ਸੂਰਬੀਰ ਨਿਕਲੀ, ਤੂੰ ਮੌਤ ਨੂੰ ਮਖੌਲ ਕੀਤਾ, ਮਰਨ ਵੇਲੇ ਮੌਤ ਤੋਂ ਨਾ ਡਰੀ। ਏਸੇ ਝਨਾ ਦੇ ਵਹਣ ਨੇ ਤੈਨੂੰ ਡੋਬਿਆ, ਪਰ ਤੂੰ ਨਾ ਡੁੱਬੀ, ਹਾਂ, ਤੇਰੇ ਮਾਸ ਤੇ ਹੱਡੀਆਂ ਇਸ ਨੇ ਡੋਬੇ, ਪਰ ਤੂੰ ਤਾਰੂ ਨਿਕਲੀ, ਜਿਸ ਪਿਆਰ ਦੀ ਤੂੰ ਜਾਣੂੰ ਸੈਂ ਉਸ ਨੇ ਤੈਨੂੰ ਖੰਭ ਲਾਏ ਤੇ ਮੌਤ ਦੇ ਪੰਜਿਓਂ ਲੈ ਉਡਿਆ। ਪਰ ਦੇਖ ਅੱਜ ਏਸੇ ਝਨਾ ਵਿਚ ਕਈ ਮੜੋਲੀਆਂ ਡੁੱਬੀਆਂ, ਕਈ ਚੰਗੇ ਬੀ ਤੇ ਕਈ ਕੁਛ ਉਪਕਾਰੀ ਤੇ ਜਾਣਨਹਾਰੇ ਬੀ ਡੁੱਬੇ, ਪਰ ਹਾਇ! ਹਾਇ! ਡੁਬ ਹੀ

ਗਏ, ਮਾਸ ਤੇ ਹੱਡੀਆਂ ਝਨਾ ਨੇ ਡੋਬੀਆਂ ਤੇ ਜਿੰਦੜੀਆਂ ਨੂੰ ਭੈ ਸਾਗਰ ਨੇ ਡੋਬ ਲਿਆ। ਵਿਚ ਇਕ ਜੀਊਂਦਾ ਸੀ, ਉਸ ਨੇ ਦੁਹਾਈ ਪਾਈ, ਓਏ ਸੱਜਨੋ! ਸਿੱਟੋ ਮਾਸ ਤੇ ਹੱਡੀਆਂ ਏਸ ਝਨਾ ਦੇ ਪਾਣੀਆਂ ਵਿਚ, ਸੱਪ ਦੀ ਕੁੰਜ ਵਾਂਗ ਵਗਾਹ ਮਾਰੋ ਮੜੋਲੀਆਂ ਤੇ ਆਓ ਮੇਰੇ ਨਾਲ ਮੈਂ ਤੁਹਾਨੂੰ ਭੈ ਸਾਗਰ ਵਿਚ ਡੁਬਣੋਂ ਬਚਾ ਕੇ ਕੱਢ ਲੈ ਚਲਾਂ। ਪਰ ਉਸ ਭੈ ਮਾਰੇ ਪੂਰ ਵਿਚ, ਉਸ ਹਾਵਿਆਂ ਦੇ ਨਕਾਰ ਖਾਨੇ ਵਿਚ, ਜੀਊਂਦੀ ਜਿੰਦ ਦੀ ਤੂਤੀ ਦੀ ਅਵਾਜ਼ ਕਿਸੇ ਨਾ ਸੁਣੀ। ਹਾਂ, ਪਰ ਉਸ ਮਰਦ ਦੇ ਚੇਲੇ ਦਾ ਫਰਜ਼ ਪੂਰਾ ਹੋ ਗਿਆ, ਉਹ ਨਾਥਾਂ ਦੇ ਨਾਥ ਦਾ ਬਾਲਕਾ ਧਰਮ ਨਿਬਾਹ ਗਿਆ। ਆਪ ਤਰ ਗਿਆ, ਭਾਵੇਂ ਸਾਥੀ ਨਾ ਤਰੇ, ਪਰ ਓਹ ਸਾਰਿਆਂ ਲਈ ਬਾਹੁਲੀਆਂ ਮਾਰ ਗਿਆ - ਸਰੀਰਾਂ ਲਈ ਬੀ ਤੇ ਮਨਾਂ ਲਈ ਬੀ।

ਠੀਕ ਹੈ, ਸਜਣੋ! ਜਿੰਦ ਨੂੰ ਅਵਾਜ਼ ਦਿਓ, ਜਿੰਦ ਦੇ ਕੰਨ ਵਿਚ ਫੂਕ ਮਾਰੋ। ਹਾਂ, ਕਿਆਮਤ ਨੂੰ ਨਾ, ਪਰ ਅੱਜ ਜਿੰਦ ਦੇ ਕੰਨਾਂ ਵਿਚ ਕਰਨਾਅ ਫੂਕੋ ਕਿ 'ਤੂੰ ਜਿੰਦ ਹੈਂ', ਤੂੰ ਮੌਤ ਤੇ ਭਾਰੂ ਹੈਂ, ਚੇਤਨ ਜੜ੍ਹ ਤੇ ਭਾਰੂ ਹੈ, ਜਿੰਦ ਮੌਤ ਤੇ ਭਾਰੂ ਹੈ। ਹੇ ਜਿੰਦੇ! ਜੇ ਤੈਨੂੰ ਇਹੀ ਸਿਦਕ ਨਹੀਂ ਕਿ ਮੈਂ ਜਿੰਦ ਹਾਂ ਤੇ ਮੌਤ ਮੇਰੇ ਤੇ ਹਾਵੀ ਨਹੀਂ, ਤਾਂ ਤੂੰ ਕੀ ਪੜ੍ਹਿਆ? ਕੀ ਸਿਖਿਆ, ਕੀ ਕਮਾਇਆ ਤੇ ਕੀ ਸੰਚਿਆ? ਓਏ ਚਾਨਣੇ! ਤੈਨੂੰ ਪਤਾ ਨਹੀਂ ਕਿ ਤੂੰ ਚਾਨਣਾ ਹੈਂ, ਤੈਨੂੰ ਪਤਾ ਨਹੀਂ ਕਿ ਹਨੇਰਾ ਕੁਛ ਸ਼ੈ ਨਹੀਂ। ਤੈਨੂੰ ਪਤਾ ਨਹੀਂ ਕਿ ਤੂੰ ਹਨੇਰੇ ਪਰ ਹਾਵੀ ਹੈਂ, ਤੈਨੂੰ ਪਤਾ ਨਹੀਂ ਕਿ ਤੂੰ ਹਨੇਰੇ ਨੂੰ ਮਾਰ ਸਕਦਾ ਹੈਂ, ਹਨੇਰਾ ਤੈਨੂੰ ਨਹੀਂ ਮਾਰ ਸਕਦਾ। ਸ਼ੋਕ! ਜੇ ਤੈਨੂੰ ਇਹ ਪਤਾ ਨਹੀਂ ਤਾਂ ਤੂੰ ਅਜੇ ਚਾਨਣਾ ਨਹੀਂ, ਤੂੰ ਅਜੇ ਭੈ ਸਾਗਰ ਦੀ ਧੁੰਮਸ ਵਿਚ ਹੈ। ਹਾਂ, ਤੈਨੂੰ ਪਤਾ ਤਾਂ ਹੈ, ਪਰ ਇਹ ਪਤਾ ਤੇਰੇ ਅੰਦਰ ਟਿਕਿਆ ਨਹੀਂ, ਅਰ ਇਸ ਅੰਦਰਲੇ ਟਿਕਾਣੇ ਤੈਨੂੰ ਟੇਕ ਨਹੀਂ ਬੱਝੀ। ਟਿਕ, ਟੇਕ ਕਰ, ਸਿਦਕਾਂ ਵਿਚ ਆ, ਚਮਕ ਤੇ ਮਾਰ ਲਿਸ਼ਕਾਰਾ, ਦੇਖ! ਨਾ ਧੁੰਦ ਹੈ ਨਾ ਕੁਹੀੜ, ਨਾ ਧੂੰਆਂ ਹੈ ਨਾ ਹਨੇਰਾ।

ਭਾਈ ਧਰਮੀਅੜੇ! ਦੁਨੀਆਂ ਵਿਚ ਪਰਉਪਕਾਰੀ, ਨੇਕ ਤੇ ਧਰਮੀ ਕਹਾਉਣ ਵਾਲੇ ਮਨੁੱਖਾ! ਤੂੰ ਕਾਹਦਾ ਧਰਮੀ? ਤੇਰੇ ਧਰਮ ਕਾਹਦੇ ਜੇ ਮੌਤ ਦਾ ਭੈ ਨਹੀਂ ਜਿੱਤਿਆ, ਤੇਰੇ ਕਰਮ, ਤੇਰੇ ਧਰਮ, ਤੇਰੇ ਉਪਕਾਰ, ਤੇਰੀਆਂ ਨੇਕੀਆਂ ਦਾ ਕੀ ਮੁੱਲ? ਤੇਰੇ ਕਮਾਏ ਕੀ ਹੋਏ? ਧਰਮ ਕੀ ਹੋਏ? ਕੋਈ

ਨਾ, ਦੁਹਾਈ ਮੌਲਾ ਦੀ ਕੁਝ ਨਾ। ਜੇ ਤੈਂ ਮੌਤ ਤੇ ਜਿੱਤ ਨਹੀਂ ਪਾਈ, ਜੇ ਤੈਂ ਮਸਾਣਾਂ ਨੂੰ ਸਰ ਨਹੀਂ ਕੀਤਾ, ਜੇ ਤੈਂ ਕਬਰ ਨੂੰ ਸੁਰੰਗ ਲਾ ਕੇ ਨਹੀਂ ਉਡਾਇਆ, ਜੇ ਤੂੰ ਮੌਤ ਨੂੰ ਅਮੌਤ ਨਹੀਂ ਕਰ ਸੱਟਿਆ ਤਾਂ ਤੇਰੇ ਕਮਾਏ ਦਾ ਨਾਂ ਧਰਮ ਨਹੀਂ। ਤੇਰਾ ਪਹਿਲਾ ਧਰਮ ਸਿਦਕ ਸੀ ਕਿ 'ਮੈਂ ਜਿੰਦ ਹਾਂ'। ਜੇ ਜੀਵਨ ਕਣੀ ਨਹੀਓਂ ਲੱਭੀ ਤਾਂ ਤੂੰ ਕਾਹਦਾ ਧਰਮੀ? ਹਾਇ ਓਇ ਧਰਮੀਅੜੇ! ਜੇ ਕਿਣਕਾ, ਹਾਂ ਜੇ ਜਿਉਂਦਾ ਕਿਣਕਾ, ਅੰਦਰ ਨਹੀਓਂ ਵਸਿਆ, ਹਾਂ ਰਾਮ ਰਾਜ ਦੀ ਰਿਸ਼ਮ, ਜੀਵਨ ਦਾਤੀ ਕਿਰਨ ਅੰਦਰ ਨਹੀਓਂ ਧਸੀ, ਹਾਂ ਜੇ ਖਸਖਾਸ ਦੇ ਦਾਣੇ ਜਿੰਨੀ ਚਮਕਦੀ ਹੀਰਾ ਕਣੀ ਨੇ ਦਿਲ ਦੇ ਕੇਂਦਰ ਨੂੰ ਜਗਮਗਾ ਨਹੀਂ ਦਿੱਤਾ, ਤਾਂ ਭਾਈ ਕਾਹਦੇ ਤੇਰੇ ਧਰਮ ਤੇ ਕਾਹਦੇ ਕਰਮ, ਕਾਹਦੀਆਂ ਭਲਿਆਈਆਂ ਤੇ ਕਾਹਦੀਆਂ ਨੇਕੀਆਂ? ਕਬਰਾਂ ਵਿਚ ਪਿਓਂ, ਕਬਰਾਂ ਵਿਚ ਉਠਿਓਂ, ਕਬਰਾਂ ਵਿਚ ਖੇਡਿਓਂ ਤੇ ਕਬਰਾਂ ਵਿਚ ਹੀ ਸਮਾ ਗਿਓਂ।

ਦੇਖੋ ਕਬਰਸਤਾਨ ਵਿਚ ਇਕ ਨੂਰੀ ਆਇਆ; ਦੇਖੋ ਨੂਰੀ ਨੇ ਨੂਰ ਦਾ ਬੁੱਕਾ ਖੋਲ੍ਹਿਆ, ਦੇਖੋ ਨੂਰੀ ਵਿਚੋਂ 'ਅੱਗ' ਨਿਕਲੀ, ਪਰ ਠੰਢੀ ਅੱਗ, ਦੇਖੋ ਉਹ ਅੱਗ ਕਬਰਾਂ ਨੂੰ ਲਗ ਗਈ, ਦੇਖੋ ਕਬਰਾਂ ਦੇ ਮੂੰਹ ਖੁਲ੍ਹ ਗਏ, ਦੇਖੋ ਕਬਰਾਂ ਵਿਚੋਂ ਮੁਰਦੇ ਨਿਕਲੇ, ਪਿਲੇ, ਸੁੱਕੇ ਪਿੰਜਰ, ਅੱਖਾਂ ਬੰਦ, ਮੂੰਹ ਵਿਚ ਮਿੱਟੀਆਂ, ਲੜ-ਖੜਾਂਦੇ ਨਿਕਲੇ, ਵੇਖੋ! ਇਨ੍ਹਾਂ ਨੂੰ ਨਾਰ (ਅੱਗ) ਲਗੀ, ਔਹ ਦੇਖੋ ਫਰਾਟੇ ਮਾਰਦਾ ਨੂਰ ਆ ਗਿਆ, ਇਕ ਇਕ ਕਣੀ ਹੋ ਕੇ ਇਕ ਇਕ ਮੁਰਦੇ ਦੇ ਅੰਦਰ ਲੰਘ ਗਿਆ। ਅੱਖਾਂ ਖੁਲ੍ਹ ਆਈਆਂ, ਮੂੰਹ ਖਿੜ ਪਏ, ਚਿਹਰੇ ਚਮਕ ਪਏ, ਡੌਲੇ ਕੱਸੇ ਗਏ, ਲੱਕ ਸਿੱਧੇ ਹੋ ਗਏ, ਲਹੂ ਨੇ ਗੇੜ ਮਾਰਿਆ, ਦਿਲਾਂ ਨੇ ਧਾਪ ਦਿੱਤੀ, ਸਰੀਰ ਮੱਘ ਉਠੇ, ਭਖਦੇ ਅੰਗਾਰਿਆਂ ਵਾਂਙ ਰੰਗ ਭਖ ਉਠੇ। ਤੁਰ ਪਏ, ਲਓ ਬਈ ਬੋਲ ਪਏ, ਹਾਂ ਜੀ ਲਓ ਗਾਂਉਂ ਉਠੇ, ਕੀਰਤਨ ਕਰਨ ਲਗੇ, ਸੰਗੀਤ ਹੋ ਪਿਆ, ਇਲਾਹੀ ਰਾਗ ਛਿੜ ਪਿਆ।

**ਸੇ ਜਨ ਜੀਵੇ ਜਿਨ ਹਰਿ ਮਨ ਮਾਹਿ॥**
**ਸਾਚੁ ਸਮ੍ਾਲਹਿ ਸਾਚਿ ਸਮਾਹਿ॥**
(ਬੰਸ:ਮ:੩, ਪੰਨਾ-੧੧੭੨)

 www.sikhbookclub.com

ਕਬਰਸਤਾਨ ਬਹਿਸ਼ਤ ਹੋ ਗਿਆ; ਬੈਕੁੰਠ ਹੋ ਗਿਆ। ਮੌਤ ਦਾ ਰਾਜ ਉਡ ਗਿਆ, ਮੌਤ ਦੇ ਕਿਲ੍ਹੇ ਸਰ ਹੋ ਗਏ, ਮੌਤ ਦੇ ਬੰਦੀ ਸਾਰੇ ਛੁਟ ਗਏ, ਮੌਤ ਦੇ ਗੋਲੇ ਸਾਰੇ ਬੀਬੇ ਹੋ ਗਏ। ਹੇ ਮੌਤ! ਤੂੰ ਹੁਣ ਕਿੱਥੇ ਹੈਂ? ਓਹ ਜੋ ਕਲ ਮੌਤ ਦੀ ਕੈਦ ਵਿਚ ਮਿੱਟੀਆਂ ਤੇ ਸੁਆਹਾਂ ਹੇਠ ਦੱਬੇ ਪਏ ਸਨ ਅੱਜ ਵੰਗਾਰ ਵੰਗਾਰ ਕੇ ਪੁੱਛਦੇ ਹਨ- ਹੇ ਮੌਤ! ਤੂੰ ਕਿੱਥੇ ਹੈ? ਤੇਰਾ ਰਾਜ ਕਿੱਥੇ ਹੈ? ਤੇਰਾ ਦਬ-ਦਬਾ ਤੇ ਰੋਅਬ ਕਿੱਥੇ ਹੈ? ਦੇਖੋ ਇਕ ਇਕ ਮੁਰਦੇ ਦੇ ਅੰਦਰ ਇਕ ਇਕ ਕਿਣਕਾ ਨੂਰ ਦਾ ਆ ਗਿਆ ਹੈ, ਇਕ ਇਕ ਰਿਸ਼ਮ ਸਿਦਕਾਂ ਦੀ ਵੜੀ ਹੈ, ਇਕ ਇਕ ਖਸਖਾਸ ਦਾ ਦਾਣਾ ਨਿੰਮਿਆ ਹੈ। ਲਓ ਜੀਉਂਦੇ ਹੋ ਕੇ ਪਏ ਮੌਤ ਨੂੰ ਮਖੌਲਾਂ ਕਰਦੇ ਤੇ ਆਖਦੇ ਹਨ "ਜੀਵਨੋ ਮੈ ਜੀਵਨੁ ਪਾਇਆ" (ਪੰਨਾ-੪੪੨) ਹਾਂ ਬਈ, ਸਚ ਬਾਬੇ ਅਰਜਨ ਨੇ, ਗੁਰੂ ਅਰਜਨ ਨੇ, ਸਤਿਗੁਰੂ ਅਰਜਨ ਨੇ, ਪਰਤੱਖ ਹਰਿ ਅਰਜਨ ਨੇ ਸੱਚ ਦੀ ਦੁਹਾਈ ਦਿੱਤੀ ਸੀ, ਅਜ਼ਲੀ ਕਰਨਾਅ ਫੂਕੀ ਸੀ, ਇਲਾਹੀ ਤਾਣ ਮਾਰੀ ਸੀ, ਰੱਬੀ ਕਿੰਗਰੀ ਵਜਾਈ ਸੀ; ਜਦੋਂ ਕਿਹਾ ਸੀ:-

**ਕਿਨਕਾ ਏਕ ਜਿਸੁ ਜੀਅ ਬਸਾਵੈ॥**
**ਤਾਕੀ ਮਹਿਮਾ ਗਨੀ ਨ ਆਵੈ॥**
(ਗਉ: ਸੁਖ: ਮ: ੫, ਪੰਨਾ-੨੬੨)

ਸੱਚ ਬਈ, ਤੱਤੇ ਤਵਿਆਂ ਤੇ ਬੈਠ ਕੇ ਮੌਤ ਨੂੰ ਟਿਚਕਰਾਂ ਕਰਨ ਵਾਲੇ ਸੂਰਿਆਂ ਦੇ ਸਰਦਾਰਾ! ਭਖਦੀਆਂ ਰੇਤਾਂ ਹੇਠਾਂ ਬੈਠਕੇ ਮੌਤ ਨੂੰ ਮਖੌਲਾਂ ਕਰਨ ਵਾਲੇ ਬਹਾਦਰਾਂ ਦੇ ਬਹਾਦਰਾ! ਓ ਸੱਚੇ ਸੂਰਿਆ ਵਰਿਆਮਾ! ਤੈਂ ਜਿਸ ਕਿਣਕੇ ਦੀ ਮਹਿਮਾ ਕੀਤੀ ਸੀ ਸੱਚ ਸੀ। ਤੂੰ ਆਖਿਆ ਤੇ ਤੂੰ ਕਰਕੇ ਦੱਸਿਆ। ਜਿੰਦ ਵਾਲਿਆਂ ਦਿਆ ਮਾਲਕਾ! ਜੀਅਦਾਨ ਦੇ ਦਾਤਿਆ! ਜਿੰਦ ਪਾਉਣ ਵਾਲੇ ਉਪਕਾਰੀਆ! ਬਈ ਤੂੰ ਸਚੀ ਮੁਚੀ ਧੰਨ ਹੈ, ਜਿਸ ਨੇ ਮੌਤ ਨੂੰ ਮੁਰਦਾ ਜਾਣ ਕੇ ਨੱਕ ਚਾੜ੍ਹਿਆ ਤੇ ਛਾਲਿਆਂ ਨਾਲ ਭਰੀ ਮੜੋਲੀ ਨੂੰ ਨਦੀ ਵਿਚ ਪਾਉਂਦਿਆਂ ਹੱਸ ਕੇ ਆਖਿਆ 'ਮੌਤ ਆਪਣੀ ਮੌਤੇ ਆਪ ਮਰ ਗਈ' ਤੂੰ ਮੌਤ ਨੂੰ ਮਾਰ ਕੇ, ਜਿੰਦ ਨੂੰ ਤਾਰ ਕੇ, ਉਛਾਲ ਕੇ, ਬੁੜ੍ਹਕਾ ਕੇ ਦਿਖਾ ਦਿਤਾ ਕਿ "ਮਰਣ ਹਾਰੁ ਇਹੁ ਜੀਅਰਾ ਨਾਹੀ" (ਪੰਨਾ-੧੮੮) ਸਚਮੁਚ ਤੇਰੀ ਸ਼ਾਨ ਵਿਚ ਹੀ ਏਹ ਫਬਦਾ ਹੈ:-


www.sikhbookclub.com

**ਜਨਮ ਮਰਣ ਦੁਹਹੂ ਮਹਿ ਨਾਹੀ**
**ਜਨ ਪਰਉਪਕਾਰੀ ਆਏ।**
(ਸੂਹੀ ਮ: ੫, ਪੰਨਾ-੭੪੯)

ਹਾਂ ਜੀ, ਲਓ ਬਾਬੇ –ਸੱਚੇ ਹਰਿ ਹਰਿ ਗੁਰ ਅਰਜਨ– ਦੀ ਕਥਾ ਸੁਣੀ ਜੇ? ਕਬਰਸਤਾਨ ਨੂੰ ਬੈਕੁੰਠ ਬਣਾ ਦੇਣ ਵਾਲੇ ਦਾ ਨਾਉਂ ਤਾਂ ਇਨ੍ਹਾਂ ਨੂੰ ਪੁਛੀਏ। ਹਾਂ ਬਾਬੇ, ਪਿਆਰੇ, ਦੂਲ੍ਹੇ, ਸੁਹਣੇ, ਪ੍ਰੀਤਮ, ਕੰਠ ਲਾਣੇ, ਠੰਡ ਪਾਣੇ, ਗਲ ਲਾਣੇ, ਸੁਖ ਦੇਣੇ, ਰਸ ਦਾਤੇ, ਅਰਾਮ ਦਾਤੇ, ਪਿਆਰੇ ਅਰਜਨ ਨੂੰ ਪੁਛਿਓ, ਓਇ ਬਾਬਿਆ! ਦੱਸ ਤਾਂ ਇਹ ਕਬਰਸਤਾਨ ਨੂੰ ਬੈਕੁੰਠ ਕਿੰਨ ਬਣਾ ਦਿੱਤਾ? ਏਹ ਨੂਰੀ ਕੌਣ ਹੈ ਜਿੰਨ ਕਿਆਮਤ ਤੋਂ ਪਹਿਲੋਂ ਹੀ ਐਸੀ ਫੂਕ ਮਾਰੀ ਕਿ ਕਬਰਾਂ ਫਟ ਗਈਆਂ, ਮਸਾਣ ਉੱਡ ਪਏ, ਮੁਰਦੇ ਨਿਕਲ ਆਏ, ਮੁਰਦੇ ਜੀਉ ਪਏ, ਮੌਤ ਦਾ ਰਾਜ ਉਡ ਗਿਆ, ਜੀਵਨ ਪਦ ਆ ਗਿਆ, ਸਭ ਕੋਈ ਜਿੰਦ ਹੋ ਮੌਲਿਆ, ਜਿੰਦ ਹੋ ਖੇਡਿਆ, ਤਾਂ ਦੇਖੋ ਪਿਆਰੇ ਅਰਜਨ, ਸਤਿਗੁਰ ਅਰਜਨ, ਦੁਖ ਹਰਤਾ ਹਰੀ ਹਰਿ ਅਰਜਨ ਜੀ ਮਸਤਾਨੇ ਹੋ ਕੇ ਸਰੰਦੇ ਤੇ ਇਲਾਹੀ ਗਲੇ ਦੀ ਸੁਰ ਵਿਚ ਗਾਉਂ ਰਹੇ ਹਨ:-

**ਖਾਵਹੁ ਖਰਚਹੁ ਤੋਟਿ ਨ ਆਵੈ**
**ਹਲਤ ਪਲਤ ਕੈ ਸੰਗੇ॥**
**ਲਾਦਿ ਖਜਾਨਾ ਗੁਰਿ ਨਾਨਕ ਕਉ**
**ਦੀਆ ਇਹੁ ਮਨੁ ਹਰਿ ਰੰਗਿ ਰੰਗੇ॥੪॥**
(ਗਉ: ਮ: ੫, ਪੰਨਾ-੪੯੬)

ਊਈ! ਚੁਪ, ਅਦਬ, ਅਦਬ ਵਿਚ ਆ, ਹੱਥ ਜੋੜ, ਅੱਖਾਂ ਨਿਵਾ, ਸ਼ਰਧਾ, ਭਗਤੀ ਦਾਸਾ ਭਾਵ ਦੀ ਮੂਰਤ ਹੋ, ਸੁਣ ਪਿਆਰਾ ਨਾਮ, ਜੀਉਂਦਾ ਨਾਮ ਗੁਰੂ ਅਰਜਨ ਸੰਗੀਤਾਂ ਦਾ ਵਾਲੀ ਕਰਨਾਅ ਫੂਕਦਾ ਹੈ, ਆਖਦਾ ਹੈ:-

'ਏਹ ਨੂਰੀ, ਏਹ ਨੂਰ, ਏਹ ਸਾਰਾ ਸਮੁਚਾ
ਨੂਰੋ ਨੂਰ "ਗੁਰ ਨਾਨਕ" ਹਈ॥'

ਠੀਕ! ਧੰਨ ਗੁਰ ਅਰਜਨ, ਜੋ ਨਾਨਕ ਹੋ ਗਿਆ, ਆਖਦਾ ਹੈ, ਕੀ ਆਖਦਾ ਹੈ? ਗੁਰ ਨਾਨਕ ਨੂਰੋ ਨੂਰ ਦਾ ਜੀਵਨ ਚਰਿੱਤ੍ਰ ਸੁਣਾਂਦਾ ਹੈ, ਸੁਣੋ


www.sikhbookclub.com

ਭਾਈ, ਤੁਸਾਂ ਬਾਲੇ ਦੀ ਜਨਮ ਸਾਖੀ ਬੀ ਸੁਣੀ, ਭਾਈ ਮਨੀ ਸਿੰਘ ਦੀ ਸਾਖੀ ਬੀ ਸੁਣੀ। ਲਓ ਅੱਜ ਗੁਰੂ ਅਰਜਨ ਦੀ ਸਾਖੀ ਸੁਣੋ! ਗੁਰੂ ਅਰਜਨ ਜੀ ਫੁਰਮਾਉਂਦੇ ਹਨ:-

ਭਾਈ! ਇਕ ਸੀ ਕਬਰਸਤਾਨ ਤੇ ਮਸਾਣ ਭੂਮੀ ਸੀ, ਓਥੇ ਗੁਰੂ ਨਾਨਕ ਆਇਆ, ਅਰਸ਼ਾਂ ਤੋਂ ਆਇਆ। ਉਸ ਨੇ ਆ ਕੇ ਕਰਨਾਅ ਫੂਕੀ, ਹਾਂ ਕਿੰਗ੍ਰੀ ਵਜਾਈ, ਅਨਹਦ ਕਿੰਗਰੀ ਵਜਾਈ, ਉਸ ਨੇ ਇਕ ਬੀਨ ਫੂਕੀ, ਐਸੀ ਫੂਕੀ ਕਿ ਅਨਹਦ ਧੁਨੀ ਉੱਠੀ, ਕਬਰਾਂ ਖੁਲ੍ਹੀਆਂ, ਮੁਰਦੇ ਉਠੇ। ਗੁਰੂ ਨਾਨਕ ਨੇ ਇਕ ਇਕ ਕਿਣਕਾ, ਨੂਰੀ ਕਿਣਕਾ ਹਰ ਮੁਰਦੇ ਦੇ ਅੰਦਰ ਪਾ ਦਿੱਤਾ, ਸਾਰੇ ਮੁਰਦੇ ਜੀਉ ਪਏ, ਜੀਅ ਦਾਨ ਪਾ ਕੇ ਜੀਵੇ ਹੋ ਗਏ, ਜੀਉਂਦੇ ਹੋ ਗਏ। ਬਾਬੇ ਨਾਨਕ ਨੇ ਰਬਾਬ ਵਜਾਈ ਤੇ ਨਾਦ ਕੀਤਾ:-

**ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥**
**ਨਾਨਕ ਅਵਰੁ ਨ ਜੀਵੈ ਕੋਇ॥**
(ਵਾਰ ਮਾਝ ਮ: ੧, ਪੰਨਾ-੧੪੨)

'ਸੋਇ', ਹਾਂ ਜੀ 'ਸੋਇ' ਦਾ ਕਿਣਕਾ ਵਸਾ ਕੇ ਮੁਰਦੇ ਜਿਵਾਲੇ, ਕਬਰਸਤਾਨ, ਮਸਾਣ ਭੂਮੀਆਂ ਬੈਕੁੰਠ ਬਣਾਏ, ਜੰਗਲ ਮੰਗਲ ਹੋ ਗਏ, ਨਾਨਕ ਨੂਰੀ, ਨਾਨਕ ਨਿਰੰਕਾਰੀ, ਨਾਨਕ ਹਜ਼ੂਰੀ, ਨਾਨਕ ਹਾਜਰਾ ਹਜ਼ੂਰੀ ਨੇ ਇਹ ਕਮਾਈ ਕੀਤੀ, ਇਹ ਜੀਅਦਾਨ ਦੇ ਉਪਕਾਰ ਦਾ ਕਰਨਹਾਰ ਨਾਨਕ ਨੂਰ ਹੋ ਕੇ, ਪ੍ਰੇਮ ਹੋ ਕੇ, ਰਸ ਤੇ ਅਨੰਦ ਹੋ ਕੇ, ਆਪਣੇ ਜਿਵਾਲਿਆਂ ਦੇ ਵਿਚ ਜਿੰਦ-ਜਾਗਦੀ ਜੋਤ ਹੋ ਕੇ ਸਮਾ ਗਿਆ। 'ਬੋਲੋ ਜੀ ਸ੍ਰੀ ਵਾਹਿਗੁਰੂ, ਬਾਬੇ ਨਾਨਕ ਨਿਰੰਕਾਰੀ, ਅਜ਼ਲੀ ਗੁਰੂ ਨਾਨਕ ਨੂਰੀ, ਨਾਨਕ ਨੂਰੋ ਨੂਰ ਦੀ ਜਨਮ ਸਾਖੀ ਸਾਰੀ ਸੰਪੂਰਨ ਹੋਈ, ਪੜ੍ਹੇ ਸੁਣੇ ਦੀ ਅਰ ਅੰਦਰ ਜੀਵਣ ਕਿਣਕਾ ਲੈ ਕੇ ਸਮਾਵਣਹਾਰੇ ਦੀ ਸਦਗਤੀ ਹੋਈ।'

ਸੋ ਭਾਈ! ਝਨਾ ਵਿਚ ਬੇੜਾ ਤਾਂ ਗਰਕ ਹੋ ਗਿਆ ਤੇ ਪੂਰ ਡੁੱਬ ਗਿਆ, ਪਰ ਵਿਚ ਇਕ ਜੀਉਂਦੇ ਮਨੁੱਖ ਨੇ ਅੰਤ ਤੋੜੀ ਵਾਹ ਲਾਈ ਕਿ ਬੇੜਾ ਕਿਵੇਂ ਬਚੇ, ਜਾਂ ਉਹ ਨਾ ਬਚਿਆ ਤਦ ਉਸ ਵਾਹ ਲਾਈ ਕਿ ਡੁਬਣਹਾਰੇ ਮੌਤ ਤੇ ਫਤਹ ਪਾਉਣ, ਇਹ ਜੀਉਂਦਾ ਮਨੁੱਖ ਉਸ ਗੁਰ ਨਾਨਕ ਦਾ ਨਾਮ-ਲੇਵਾ, ਉਸ ਦੇ ਬਖਸ਼ੇ ਨੂਰੀ ਕਿਣਕੇ ਨਾਲ ਨਿੰਮਿਆਂ ਤੇ ਜੀਉਂਦਾ ਬੰਦਾ ਸੀ। ਪੂਰ ਡੁਬਾ, ਹਾਂ ਤੇ ਬੰਦਾ ਭੀ ਡੁੱਬਾ। ਨਾ ਭਾਈ, ਬੰਦਾ ਕਿਉਂ ਡੁੱਬਾ:-

**ਨਿਹਚਲੁ ਸਚੁ ਖੁਦਾਇ ਏਕੁ ਖੁਦਾਇ ਬੰਦਾ ਅਬਿਨਾਸੀ॥**
(ਮਾਰੂ ਵਾਰ ੫, ਪੰਨਾ-੧੧੦੦)

ਬੰਦਾ ਨਾ ਡੁੱਬਾ, ਰੱਬ ਦਾ ਬੰਦਾ ਕਿਉਂ ਡੁੱਬੇ, ਬੰਦਾ ਤਾਂ ਆਪਣੇ ਖੁਦਾਇ ਦੇ ਨਾਲ ਨਿਹਚਲ ਹੈ, ਹੋਇਆ ਜੋ ਬੰਦਾ, ਜਿਸ ਨੇ:-

**ਬੰਦੇ ਬੰਦਗੀ ਇਕਤੀਆਰ॥ ਸਾਹਿਬੁ ਰੋਸੁ ਧਰਉ ਕਿ ਪਿਆਰੁ॥**
(ਗਉੜੀ ਕਬੀਰ ਜੀ, ਪੰਨਾ-੩੩੮)

ਰੋਸ ਪਿਆਰ ਹਰ ਹਾਲ ਵਿਚ ਬੰਦਗੀ ਅਖਤਿਆਰ ਕਰਨਹਾਰੇ ਨੂੰ ਨਿਹਚਲ ਪਦ ਪ੍ਰਾਪਤ ਹੈ। ਵਾਹ ਬੰਦਿਆਂ, ਵਾਹ ਸੇਵਕਾ, ਮਾਲਕ ਦਿਆ ਸੇਵਕਾ ਤੂੰ ਸਦਾ ਥਿਰ:-

**ਥਿਰੁ ਪਾਰਬ੍ਰਹਮੁ ਪਰਮੇਸਰੋ ਸੇਵਕੁ ਥਿਰੁ ਹੋਸੀ॥**
(ਮਾਰੂ ਵਾਰ ੫, ਪੰਨਾ-੧੧੦੦)

ਸਦਾ ਥਿਰ ਸੇਵਕ ਬੀ ਡੁੱਬਾ ਤਾਂ ਸੀ, ਬੇੜੀ ਉਲਟੀ ਸੀ, ਉਹ ਪਾਣੀ ਵਿਚ ਰੁੜ੍ਹਿਆ ਸੀ, ਪਰ ਉਸ ਦਾ ਕੀ ਗਿਆ, ਖ੍ਵਾਜਾ ਖਿਜਰ ਦੇ ਹੱਥ ਉਸ ਦਾ ਕੀ ਆਇਆ, ਵਰਣ ਦੇਵਤਾ ਦੇ ਹਿੱਸੇ ਉਸ ਦਾ ਵੱਧ ਤੋਂ ਵੱਧ ਕੀ ਆ ਸਕਦਾ ਸੀ। ਹਡ ਚੰਮ, ਹੋਰ ਕੀਹ? ਸੇਵਕ ਨੇ ਇਹ ਮੜੋਲੀ, ਹੁਕਮ ਮਿਲੇ ਤੇ, ਵਗਾਹ ਮਾਰੀ। ਜਦੋਂ ਹੁਕਮ ਪਾਲਨ ਦਾ ਸੀ ਪਾਲੀ, ਜਦੋਂ ਹੁਕਮ ਘਾਲਨ ਦਾ ਆਇਆ ਔਹ ਮਾਰੀ, ਔਹ ਵਗਾਹ ਮਾਰੀ, ਲਓ ਬਈ ਖਿਜਰੋ ਤੇ ਵਰਨੋਂ, ਜਲ ਦੇ ਦੇਵੋ ਅਦੇਵੋ ਤੇ ਜਲ ਜੰਤੂਓ! ਚਮੜੇ ਦੀ ਪੋਸਤੀਨ ਪਾਈ ਫਿਰਦੇ ਸਾਂ, ਲਓ ਤੁਸੀਂ ਛਕੋ, ਬੁੱਲੇ ਲੁੱਟੋ, ਅਸੀਂ ਹੁਣ ਨੂਰੀ ਜਾਮਾਂ ਪਾਵਾਂਗੇ, ਐਉਂ ਮੌਤ ਤੇ ਜਿੱਤ ਪਾਏ ਹੋਏ ਸੂਰਮੇਂ ਜੀ ਪੂਰ ਦੇ ਨਾਲ ਰੁੜੇ ਸਨ।

ਰਾਤ ਵਧ ਗਈ, ਪਾਣੀ ਕੁਛ ਨਿਠੰਬਰ ਕੇ ਟੁਰਨ ਲਗ ਪਿਆ ਸੀ, ਬੇੜੇ ਦੇ ਉਲਟਦਿਆਂ ਮਾਨੋਂ ਉਬਲਦੇ ਪਾਣੀ ਤੇ ਕਿਸੇ ਘਿਉ ਦੀ ਛਿੱਟ ਪਾ ਦਿੱਤੀ। ਉਬਾਲਾ ਠਿਠੰਬਰ ਗਿਆ ਸੀ। ਪਿਛੋਂ ਕੀ ਹੋਇਆ, ਹੁਕਮ ਨੇ ਤਣਾਵ ਖਿੱਚੀ, ਰੱਬ ਰਜ਼ਾ ਪਲਟਾ ਖਾ ਗਈ, ਜੋ ਹੋਇਆ ਸੋ ਹੋਇਆ, ਪਰ ਹੁਣ ਝਨਾ ਬੀਬੀ ਰਾਣੀ ਹੁੰਦੀ ਜਾਂਦੀ ਹੈ, ਮਾਨੋਂ ਬੇੜੇ ਦੀ ਬਲੀ ਲੈ ਕੇ ਦੇਵੀ

 www.sikhbookclub.com

ਖਿਮਾ ਵਿਚ ਆ ਗਈ। ਪਰ ਦੇਵੀਏ! ਇਕ ਬਲੀ ਤੂੰ ਕੁਥਾਂ ਲਈ ਹੈ, ਤੇਰੇ ਪੇਟ ਨੇ ਸਾਡੀ ਇਕ ਪਿਆਰੀ ਦੇਹ ਹਜ਼ਮ ਨਹੀਂ ਕਰ ਸਕਣੀ। ਬੰਦਾ ਤਾਂ ਆਪੇ ਤੇ ਖੇਡ ਜਾਂਦਾ ਹੈ, ਪਰ ਬਈ ਇਕ ਬੰਦੇ ਲਈ ਬ੍ਰਹਮੰਡ ਭੀ ਕੰਬ ਪਿਆ ਕਰਦਾ ਹਈ। ਤੂੰ ਇਸ ਬੰਦੇ ਨੂੰ ਕਦ ਪਚਾ (ਹਜ਼ਮ ਕਰ) ਸਕਦੀ ਹੈਂ? ਔਹ ਤੱਕੋ ਬੱਦਲ ਪਾਟ ਗਏ, ਚੰਦ ਚੜ੍ਹ ਆਇਆ ਤੇ ਨੀਝਾਂ ਲਾ ਲਾ ਵੇਖਦਾ ਹੈ ਕਿ ਉਸ ਸਾਂਈਂ ਨਾਮ ਦੇ ਪਿਆਰੇ, ਮੌਲਾ ਦੇ ਇਸ਼ਕ ਕੁੱਠੇ ਔਲੇ ਮੌਲੇ ਵੀਰ ਦਾ ਸਰੀਰ ਕਿੱਥੇ ਹੈ। ਚੰਦ ਪੁੱਛਦਾ ਹੈ – ਹੇ ਝਨਾ! ਉਸ ਨਾਨਕ ਨੂਰੀ ਦੇ ਬਾਲਕੇ ਦੀ ਸਮਾਧ ਕਿਥੇ ਬਨਾਈ ਆ? ਉਸ ਰੱਬ ਦੀ ਗੋਦ ਖੇਡਦੇ ਨਿਆਣੇ ਦੀ ਮਜ਼ਾਰ ਕਿੱਥੇ ਉਸਾਰੀ ਆ? ਹੇ ਪਾਣੀਆਂ ਦੀ ਦੇਵੀਏ! ਉਹ ਸਿਮਰਨ ਝਰਨਾਟ ਵਿਚ ਜਿਉਂਦੇ ਜੋਗੀ ਦਾ ਮਨ ਮੰਦਰ ਕਿਥੇ ਸਾਜਿਆ ਈ? ਦਿਖਾ ਮਰ ਜਾਣੀਏਂ! ਉਸ ਨੂਰੀ ਬੰਦੇ ਦਾ ਰੋਜ਼ਾ (ਮਕਬਰਾ-ਸਮਾਧ) ਕਿਥੇ ਤਾਅਮੀਰ ਕੀਤਾ ਈ? ਛੇਤੀ ਦੱਸ, ਉਸ ਅਰਸ਼ ਵਿਚ ਜੜਾਂ ਲਾ ਕੇ ਸੰਸਾਰ ਵਿਚ ਮੌਲ ਰਹੇ ਨੌਨਿਹਾਲ, ਸਾਈਂ ਦੇ ਖਿੜੇ ਬੂਟੇ ਦਾ ਦੇਹੁਰਾ ਕਿਥੇ ਰਚਿਆ ਈ? ਦੱਸ ਛੇਤੀ, ਨਹੀਂ ਤਾਂ ਤੇਰਾ ਰਉਂ ਸੁਕਾ ਦਿਆਂ, ਤੇਰੇ ਵਹਣ ਨੂੰ ਪਥਰਾ ਦਿਆਂ, ਤੇਰਾ ਨਾਮ ਮੇਟ ਦਿਆਂ, ਤੇਰੇ ਬੇਲੇ ਉਜਾੜ ਦਿਆਂ, ਤੇਰੇ ਕਿਨਾਰੇ ਸੁੰਞੇ ਕਰ ਦਿਆਂ, ਦੱਸ ਅਰ ਛੇਤੀ ਦੱਸ ਕਿ ਮੈਂ ਉਸ ਮੌਤ-ਬਿਜਈ ਦੀ ਮੜ੍ਹੋਲੀ ਦੇ ਟਿਕਾਣੇ ਦੇ ਦਰਸ਼ਨ ਕਰ ਕੇ ਆਪਣੇ ਨੈਣ ਠਾਰਾਂ।

ਝਨਾਂ, ਸ਼ਰਮ ਨਾਲ ਥੱਲੇ ਲਹਿ ਰਹੀ ਝਨਾਂ, ਕੀਤੇ ਪਰ ਪਛੁਤਾਂਦੀ ਝਨਾਂ ਕੰਨਾਂ ਤੇ ਹੱਥ ਧਰ ਕੇ ਆਖਦੀ ਹੈ- ਚੰਦਾ! ਤੇਰੀ ਸਹੁੰ, ਤੇਰੇ ਚਾਨਣੇ ਦੀ ਸਹੁੰ, ਤੇਰੇ ਦਾਤੇ ਸੂਰਜ ਦੀ ਸਹੁੰ, ਮੈਂ ਬੰਦੇ ਦੀ ਦੇਹੀ ਵਿਸਰਜਨ ਕਰਣੇ ਦੀ ਰਵਾਦਾਰ ਨਹੀਂ, ਸੋਹਣੀ ਦੀ ਦੇਹ ਮੈਂ ਜ਼ਰੂਰ ਮਾਰੀ ਸੀ, ਪਰ ਬੰਦਾ ਮੈਂ ਨਹੀਂ ਮਾਰਿਆ, ਤੂੰ ਕਿਤੇ ਹੋਰਥੇ ਤੱਕ।

ਵਿਚ ਝਨਾ ਦੇ ਇਕ ਭਾਰੀ ਬ੍ਰੇਤੀ ਹੈ ਤੇ ਬੇਲਾ ਵੀ ਹੈ। ਚੰਦ ਦੀ ਚਾਂਦਨੀ ਵੇਖਦੀ ਹੈ ਕਿ ਬੰਦੇ ਦੀ ਮੜ੍ਹੋਲੀ ਪਈ ਹੈ, ਸ਼ੁਕਰ ਕੀਤਾ, ਦਰਸ਼ਨ ਪਾਇਆ। ਬੰਦੇ ਦੇ ਦਰਸ਼ਨ ਨੂੰ, ਸੇਵਕ ਦੇ ਦੀਦਾਰ ਨੂੰ, ਬ੍ਰਹਮ ਵਿਚ ਗੱਡੇ ਬ੍ਰਹਮਨ ਦੇ ਝਾਕੇ ਨੂੰ ਦੇਵਤੇ ਤਰਸਦੇ ਹਨ। ਬੰਦੇ, ਗੁਰੂ ਨਾਨਕ ਦੇ ਨਾਮ-ਲੇਵੇ ਬੰਦੇ ਦੀ ਅੱਖ ਖੁਲ੍ਹੀ, ਬੇੜਾ ਹੈ ਨਹੀਂ, ਪੂਰ ਹੈ ਨਹੀਂ, ਇਕੱਲਾ ਹੈ,

 www.sikhbookclub.com

ਉਠਿਆ, ਮੋਢੇ ਤੇ ਥਕਤ ਹੈ, ਸਰੀਰ ਚੂਰ ਹੈ, ਪਰ ਦਿਲ ਖੁਸ਼ ਹੈ। ਮੈਂ ਕਿਥੇ ਹਾਂ? ਸਰੀਰ ਤਾਂ ਝਨਾ ਭੇਟ ਹੋ ਚੁਕਾ ਹੈ। ਦਾਤਾ ਜੀ ਆਖਦੇ ਹੁੰਦੇ ਸਨ ਬੱਚਾ ਮਰਦਾ ਕੁਛ ਨਹੀਂ, ਸੋ ਮਰ ਕੇ ਬੀ ਮੈਂ ਜਿਉਂ ਦਾ ਤਿਉਂ ਹਾਂ। ਦਾਤਾ ਜੀ ਆਖਦੇ ਸੀ: ਸਤਸੰਗੀ ਮਿਲਣਗੇ, ਮੌਤ ਦਾ ਦਰਵਾਜ਼ਾ ਲੰਘਦਿਆਂ ਸੰਗਤਾਂ ਦੇ ਦਰਸ਼ਨ ਹੋਣਗੇ, ਪਿਆਰੇ ਮਿਲਣਗੇ, ਪਰ ਕੋਈ ਨਹੀਂ ਆਇਆ, ਕੀ ਗੱਲ ਹੈ? ਹੱਛਾ ਸਿਮਰਨ, ਵਾਹਵਾ ਸ਼ੁਕਰ ਹੈ, ਚਾਹੇ ਕੋਈ ਨਹੀਂ ਮਿਲਿਆ, ਸਿਮਰਨ ਮੇਰੇ ਨਾਲ ਹੈ, ਮੇਰਾ ਸਦਾ ਦਾ ਬੇਲੀ ਮੇਰੇ ਕੋਲ ਹੈ, ਹੁਣ ਕੀ ਡਰ ਹੈ।


www.sikhbookclub.com

# ੩. ਸੋਹਣੀ

**ਸਦਾ ਸਖਾਈ ਹਰਿ ਹਰਿ ਨਾਮੁ॥**
**ਜਿਸੁ ਚੀਤਿ ਆਵੈ ਤਿਸੁ ਸਦਾ ਸੁਖੁ ਹੋਵੈ**
**ਨਿਕਟਿ ਨ ਆਵੈ ਤਾ ਕੈ ਜਾਮੁ॥**
(ਭੈਰਉ ਮ: ੫, ਪੰਨਾ-੧੧੪੬)

ਗੁਰ ਨਾਨਕ -ਉਸ ਜਗਤ ਜਲੰਦੇ ਨੂੰ ਰੱਖ ਲੈਣ ਵਾਲੇ ਗੁਰ ਨਾਨਕ - ਦਾ ਬਾਲਕਾ ਖਿੜੇ ਚੰਦ ਦੀ ਚਾਂਦਨੀ ਵਿਚ ਪਿਆ ਵਿਚਾਰ ਕਰਦਾ ਹੈ ਕਿ ਮੜੋਲੀ ਛੱਡ ਕੇ ਸੁਤੰਤਰ ਹੋ ਗਿਆ ਹਾਂ। ਭਾਵੇਂ:-

**ਸੰਤ ਮੰਡਲ ਠਾਕੁਰ ਬਿਸ੍ਰਾਮੁ॥**
**ਨਾਨਕ ਓਤਿ ਪੋਤਿ ਭਗਵਾਨੁ॥**
(ਭੈਰ: ਮ: ੫, ਪੰਨਾ-੧੧੪੬)

ਦਾ ਨਕਸ਼ਾ ਨਹੀਂ ਦਿੱਸਿਆ, ਪਰ ਸਿਮਰਨ ਦਾ ਨਾਲ ਹੋਣਾ, ਸਿਮਰਨ ਵਿਚ ਰਸ-ਭਰਪੂਰ ਹੋਣਾ ਉਸ ਨੂੰ ਖੀਵਾ ਕਰ ਰਿਹਾ ਹੈ, ਆਖਦਾ ਹੈ ਵਾਹ ਵਾਹ ਸੁਖਮਨੀ:-

**ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥**
**ਭਗਤ ਜਨਾ ਕੈ ਮਨਿ ਬਿਸ੍ਰਾਮ॥ਰਹਾਉ॥**
(ਗਉ: ਸੁਖ: ਮ: ੫-੧, ਪੰਨਾ-੨੬੨)

ਸੁਖਾਂ ਦੀ ਮਣੀ ਹੈ ਪ੍ਰਭੂ ਦਾ ਨਾਮ, ਹਾਂ ਅੰਮ੍ਰਿਤ ਹੈ ਪ੍ਰਭੂ ਦਾ ਨਾਮ, ਨਾ ਮਰਦਾ ਨਾ ਮਰਨ ਦੇਂਦਾ ਹੈ, ਤੇ ਪਰਮੇਸ਼ਰ ਦੇ ਸੇਵਕਾਂ ਦੇ ਦਿਲ ਵਿਚ ਇਸ ਨਾਮ ਦਾ ਨਿਵਾਸ ਹੈ।


www.sikhbookclub.com

ਨਿਵਾਸ ਠੀਕ ਹੈ ਨਾ, ਕਿ ਦੇਖੋ ਮੇਰੇ ਨਾਲ ਆਇਆ ਹੈ, ਹੁਣ ਜਦ ਨਾਮ ਮੇਰੇ ਅੰਗ ਸੰਗ ਹੈ ਤਾਂ ਮੈਨੂੰ ਕਿਸ ਗੱਲ ਦਾ ਡਰ ਹੈ। ਸਦਾ ਸਹਾਈ ਮੇਰੇ ਨਾਲ ਹੈ ਤਦ ਮੈਂ ਜੀਕੂੰ ਅੱਗੇ ਜੀਉਂਦਾ ਸਾਂ ਹੁਣ ਵੀ ਜੀਉਂਦਾ ਹਾਂ, ਜੀਊਣ ਦੀ ਨਿਸ਼ਾਨੀ ਏ ਵਾਹਿਗੁਰੂ ਦਾ ਅੰਦਰ ਹੋਣਾ ਹੈ:

**ਸੇ ਜਨ ਜੀਵੇ ਜਿਨ ਹਰਿ ਮਨ ਮਾਹਿ॥**
**ਸਾਚੁ ਸਮ੍ਾਲਹਿ ਸਾਚਿ ਸਮਾਹਿ॥**
(ਬਸੰਤ ਮ:੩, ਪੰਨਾ-੧੧੭੨)

ਇਸ ਤਰ੍ਹਾਂ ਵੀਚਾਰ ਕਰਦਿਆਂ 'ਬੰਦੇ' ਦੇ ਸਿਰ ਵਿਚ ਇਕ ਨਸ਼ਾ ਜਿਹਾ ਆਇਆ, ਅੱਖ ਬੰਦ ਹੋ ਗਈ। ਕੀ ਦੇਖਦੇ ਹਨ, ਝਨਾ ਦਾ ਕਿਨਾਰਾ ਹੈ, ਇਕ ਝਾੜੀ ਦੇ ਉਹਲੇ ਇਕ ਘੜਾ ਪਿਆ ਹੈ, ਇੰਨੇ ਨੂੰ ਇਕ ਤ੍ਰੀਮਤ ਆਈ, ਉਸ ਨੇ ਉਹ ਘੜਾ ਚਾ ਲਿਆ ਤੇ ਇਕ ਹੋਰ ਰੱਖ ਦਿੱਤਾ ਤੇ ਟੁਰ ਗਈ। ਕੁਛ ਚਿਰ ਮਗਰੋਂ ਇਕ ਹੋਰ ਮੁਟਿਆਰ ਆਈ, ਉਸ ਨੇ ਉਹ ਘੜਾ ਚਾ ਲਿਆ ਤੇ ਦਰਿਆ ਵਿਚ ਠਿੱਲ੍ਹ ਪਈ। ਸਿੰਘ ਹੁਰਾਂ ਨੂੰ ਭਾਈ ਗੁਰਦਾਸ ਜੀ ਦੀ ਇਹ ਤੁਕ ਯਾਦ ਆਈ:-

ਮੇਹੀਂਵਾਲ ਨੋ ਸੋਹਣੀ ਨੈ ਤਰਦੀ ਰਾਤੀ॥
(ਵਾ: ਭਾ: ਗੁ: ੨੭/੧)

ਹੋਵੇ ਨਾ ਤਾਂ ਇਹ ਸੋਹਣੀ ਹੈ, ਜਿਸ ਦੇ ਸਾਡੇ ਦੇਸ ਦੇ ਲੋਕੀਂ ਟੱਪੇ ਗਾਉਂਦੇ ਹਨ। ਚਲੋ ਪਿੱਛਾ ਕਰ ਕੇ ਵੇਖੀਏ ਤਾਂ ਸਹੀ। ਜਾਂ ਮਗਰ ਮਗਰ ਉਡੇ ਤਾਂ ਕੀ ਦੇਖਦੇ ਹਨ ਕਿ ਥੋੜ੍ਹੀ ਦੂਰ ਜਾ ਕੇ ਘੜਾ ਗਲਿ ਗਿਆ ਤੇ ਸੋਹਣੀ ਲੱਗੀ ਆਪਣੀ ਬਹੁੜੀਆਂ ਦੇ ਜ਼ੋਰ ਤਰਨ, ਤਰਦੀ ਗਈ, ਕਦੇ ਥੱਕ ਜਾਵੇ ਤਾਂ ਮੁਰਦਾ ਤਾਰੀ ਤਰੇ, ਪਰ ਝਨਾਂ ਦਾ ਪਾੜਾ ਬਡਾ ਵੱਡਾ ਹੈ, ਉਤੋਂ ਕਾਂਗ ਆ ਗਈ, ਹੁਣ ਰੋੜ੍ਹ ਲਿਚੱਲੀ, ਸੋਹਣੀ ਦੇ ਬਾਹੂਬਲ ਦੇ ਪੇਸ਼ ਕੁਛ ਨਾ ਜਾਵੇ। ਇਕ ਨਿੱਕੀ ਜਿਹੀ ਬਰੇਤੀ ਆ ਗਈ, ਸੋਹਣੀ ਨੇ ਇਸ ਪਰ ਖੜੋ ਕੇ ਸਾਹ ਕੱਢਿਆ ਤੇ ਗੂੜ੍ਹੇ ਰੰਗ ਵਿਚ ਗਾਂਵੀ:-

'ਪਾਰ ਖੜਾ ਮਿਤ੍ਰ ਮਾਹੀ ਮੈਂਡਾ ਮੇਰੀ ਜਿੰਦੜੀ ਗੋਤੇ ਖਾਵੇ।
ਲਹਰੀਂ ਨਾਲ ਲੜਾਈ ਮੇਰੀ ਮੈਂ ਭਰ ਭਰ ਲਈਂ ਕਲਾਵੇ।

ਜਿੰਦ ਗਈ ਤਾਂ ਘੋਲੀ ਘੱਤੀ ਮੇਰੀ ਸ਼ਹੁ ਨਾਲੋਂ ਬਣ ਆਵੈਂ।
(ਪ੍ਰਾਚੀਨ)

ਇਹ ਕਹਿੰਦੀ ਸੀ ਕਿ ਪਾਣੀ ਬ੍ਰੇਤੀ ਤੇ ਬੀ ਚੜ੍ਹ ਆਇਆ, ਸੋਹਣੀ ਨੇ ਇਕ ਸਾਹ ਵੱਟ ਛਾਲ ਮਾਰੀ ਤੇ ਲਹਿਰਾਂ ਨਾਲ ਲੜਾਈ ਕਰਦੀ ਫੇਰ ਠਿਲ੍ਹ ਪਈ ਤੇ ਪਾਣੀਆਂ ਦੇ ਪੀਰ ਖਾਜੇ ਨੂੰ ਪੁਕਾਰੀ-

ਵੈਂਦੀ ਵਾਰ ਨ ਬੋੜ ਵੇ ਖਾਜਿਆ!
ਆਂਦਿਆਂ ਜੋ ਤੈਂ ਭਾਵਸੀ,
ਵੰਞਣ ਦੇਵੀਂ ਤੋੜ,
ਕੌਲੋਂ ਕੂੜੀ ਨਾ ਪਵਾਂ।*
(ਪ੍ਰਾਚੀਨ)

ਪਰ ਰੋਹ ਭਰਿਆ ਵਹਣ, ਦਰਿਆ ਦਾ ਹੜ੍ਹ ਕਦ ਛਡਦਾ ਹੈ ਤੇ ਕਾਂਗ ਐਸ ਵੇਲੇ ਪਾਣੀਆਂ ਨੂੰ ਕੱਦ ਨੀਵਾਂ ਕਰਦੀ ਹੈ। ਹੁਣ ਸੋਹਣੀ ਨੂੰ ਯਕੀਨ ਹੋ ਗਿਆ ਕਿ ਮਰ ਚੱਲੀ ਹਾਂ ਤਦ ਕੜਕ ਕੇ ਬੋਲੀ:-

ਬੋੜ ਵੇ ਖਾਜਿਆ! ਬੋੜ,
ਕੀ ਬੋੜੇਂ ਮਾਸ ਤੇ ਹੱਡੀਆਂ?
ਇਹ ਜੀਅ ਵੈਸੀ ਤੋੜ,
ਜਿਥੇ ਇਸ਼ਕ ਮੁਹੱਬਤਾਂ ਲੱਗੀਆਂ!
(ਪ੍ਰਾਚੀਨ)

ਸੋਹਣੀ ਰੁੜ੍ਹ ਗਈ; ਡੁੱਬ ਗਈ ਤੇ ਮਰ ਗਈ। ਪਰ ਭਾਈ ਜੀ ਕੀ ਦੇਖਦੇ ਹਨ ਕਿ ਜਿਉਂ ਕੀ ਤਿਉਂ ਸੋਹਣੀ ਉਸ ਮਰ ਗਏ ਸਰੀਰ ਵਿਚੋਂ ਨਿਕਲ ਕੇ ਆਕਾਸ਼ ਵਿਚ ਆ ਖੜੋਤੀ ਹੈ। ਇੰਨੇ ਨੂੰ ਇਕ ਬੜੇ ਸੁਹਣੇ ਪਿਆਰ ਵਾਲੇ ਸੱਜਣ ਅਕਾਸ਼ ਵਿਚ ਆ ਨਿਕਲੇ ਤੇ ਸੋਹਣੀ ਨੂੰ ਕਹਿਣ ਲੱਗੇ-ਸ਼ਾਬਾਸ਼ ਕੁੜੀਏ! ਤੂੰ ਮੌਤ ਨੂੰ ਮਖੌਲ ਕਰ ਕੇ ਮੋਈ ਹੈਂ, ਤੂੰ ਬਹਾਦਰ ਹੈ, ਤੇਰੇ ਅੰਦਰ ਪਿਆਰ ਸੀ, ਅਰ ਪਿਆਰ ਸੱਚਾ ਸੀ, ਭਾਵੇਂ ਤੇਰੇ ਪਿਆਰ ਦਾ ਨਿਸ਼ਾਨਾ

---

* ਦੇਖੋ ਪੰਨਾ ੪ ਦਾ ਫੁਟ ਨੋਟ


www.sikhbookclub.com

ਗ਼ਲਤ ਸੀ, ਪਰ ਪਿਆਰ-ਕਣੀ ਤੇ ਉਸ ਵਿਚ ਸਚਿਆਈ ਇਨ੍ਹਾਂ ਦੋ ਗੁਣਾਂ ਕਰਕੇ ਮੈਂ ਤਰਸ ਖਾ ਕੇ ਆਇਆ ਹਾਂ ਕਿ ਤੇਰੀ ਮਦਦ ਕਰਾਂ। ਤੇਰੇ ਕੋਲ ਤੀਰ ਭੀ ਸੀ ਤੇ ਕਮਾਨ ਭੀ ਸੀ, ਪਰ ਜੋ ਨਿਸ਼ਾਨਾ ਫੁੰਡਣਾ ਸੀ ਉਹ ਨਾ ਫੁੰਡਿਓਈ, ਆ ਮੈਂ ਤੈਨੂੰ ਨਿਸ਼ਾਨਾ ਸਿਖਾਵਾਂ ਜੋ ਤੇਰੀ ਧਨੁਖ-ਵਿਦਿਆ ਵਿਚੋਂ ਕਲੇਸ਼ ਨਿਕਲ ਜਾਵੇ।

ਸੋਹਣੀ ਬਉਰਾਨੀ, ਹੈਰਾਨੀ ਤੇ ਅਚਰਜ ਹੋਈ ਪੁੱਛਦੀ ਹੈ— ਸਾਈਂ ਜੀ! ਕੀ ਆਖਦੇ ਹੋ?

ਸਾਈਂ— ਕਾਕੀ ਤੇਰੀ ਕਲਿਆਨ ਚਾਹੁੰਦਾ ਹਾਂ।

ਸੋਹਣੀ— ਕਿਵੇਂ ਕਰਸੋ?

ਬਾਂਹ ਫੜ ਕੇ ਸਾਈਂ ਜੀ ਨੇ ਉਸ ਦੀ ਨਜ਼ਰ ਆਕਾਸ਼ਾਂ ਵੱਲ ਕਰਾਈ ਤੇ ਕਿਹਾ— 'ਚੱਲ ਤੈਨੂੰ ਉਤੇ ਲੈ ਚਲਾਂ ਅਰ ਪਿਆਰ ਦਾ ਸੱਚਾ ਨਿਸ਼ਾਨਾ ਦਿਖਾਵਾਂ।' ਸੋਹਣੀ ਨੇ ਬਥੇਰਾ ਜ਼ੋਰ ਲਾਇਆ, ਉਸ ਨੂੰ ਉੱਪਰ ਧੁੰਦ ਜੇਹੀ ਦਿੱਸੇ ਤੇ ਯਕੀਨ ਨਾ ਆਵੇ ਕਿ ਮੈਂ ਉੱਚੀ ਜਾ ਸਕਦੀ ਹਾਂ? ਦਰਿਆ ਦੇ ਉਪਰ ਵਾਰ ਪਾਰ ਵਲ ਨੂੰ ਕਿਨਾਰੇ ਤੇ ਜਿੱਥੇ ਕੋਈ ਧੂਣੀ ਲਾਈ ਬੈਠਾ ਸੀ ਉਸ ਨੂੰ ਇਕ ਲੀਕ ਜੇਹੀ ਕੁਛ ਚਾਨਣੇ ਵਾਲੀ ਦਿੱਸੇ ਤੇ ਉਸ ਦਾ ਜੀਅ ਉਧਰ ਨੂੰ ਧਾਈ ਕਰਨ ਦੀ ਕਰੇ।

ਸੋਹਣੀ— ਸਾਈਂ ਜੀ! ਸ਼ਾਲਾ, ਜੁਗ ਜੁਗ ਜੀਵੋ, ਮੈਨੂੰ ਚਾਨਣੇ ਦੀ ਰਿਸ਼ਮ ਇਸ ਪੁਰੇ ਦੀ ਸੇਧ ਨੂੰ ਦੀਹਦੀ ਹੈ ਤੇ ਇਧਰੇ ਉੱਡ ਜਾਣ ਤੇ ਕਲੇਜਾ ਫੜਕ ਰਿਹਾ ਹੈ।

ਸਾਈਂ— ਕਾਕੀ! ਇਹੋ ਤੂੰ ਨਿਸ਼ਾਨਾ ਬਣਾਇਆ ਸੀ ਨਾ, ਹੁਣ ਤੇਰਾ ਰੁਖ਼ ਉਧਰੇ ਨੂੰ ਹੈ।

ਸੋਹਣੀ— ਤੇ ਉਥੇ ਕੌਣ ਹੈ?

ਸਾਈਂ— ਮਹੀਂਵਾਲ।

ਸੋਹਣੀ— ਤੇ ਤੁਸੀਂ ਕਿਧਰ ਲਿਜਾਣਾ ਚਾਹੁੰਦੇ ਹੋ?

ਸਾਈਂ— 'ਮਹੀਂਵਾਲ' ਵੱਲ।

ਸੋਹਣੀ— ਤੇ ਫੇਰ ਲੈ ਚਲੋ, ਰੱਬ ਤੁਹਾਡਾ ਭਲਾ ਕਰੇ।

ਸਾਈਂ— ਕਾਕੀ! ਮੈਂ ਤੈਨੂੰ ਮਹੀਆਂ ਦੇ ਚਾਰਨ ਵਾਲੇ ਤੱਕ ਤਾਂ ਨਹੀਂ ਲੈ ਜਾਣ ਨੂੰ ਆਖ ਰਿਹਾ, ਮੈਂ ਤਾਂ ਮਹੀ (ਧਰਤੀ) ਦੇ ਮਾਲਕ ਰੱਬ ਵਲ

 www.sikhbookclub.com

ਲਿਜਾਇਆ ਚਾਹੁੰਦਾ ਹਾਂ। 'ਮਹੀਂਵਾਲ' ਨੂੰ ਛਡ ਤੇ 'ਮਹੀ-ਵਾਲ' ਵੱਲ ਚੱਲ।

ਸੋਹਣੀ— (ਰੋ ਕੇ) ਅਗੰਮ ਦੀ ਧੂਹ, ਨਾ ਰੁਕਣ ਵਾਲੀ ਖਿੱਚ, ਕਟਕ ਦੀ ਛਿੱਕੀ ਮਹੀਂਵਾਲ ਵਲ ਧੂਹ ਰਹੀ ਹੈ, ਰਸਤਾ ਬੀ, ਚਾਨਣਾ ਬੀ ਉਧਰੇ ਸੇਧ ਦੇਂਦਾ ਹੈ, ਹੋਰ ਤਾਂ, ਤੱਕੋ ਨਾ ਚੁਫੇਰੇ ਹਨੇਰਾ ਹੈ। ਤੁਸੀਂ ਆਖਦੇ ਹੋ ਉੱਡ ਉੱਪਰ, ਮੇਰੇ ਵਿਚ ਬਲ ਨਹੀਂ, ਤੁਸੀਂ ਆਖਦੇ ਹੋ ਤੱਕ ਉੱਪਰ, ਮੈਨੂੰ ਦੀਹਦਾ ਨਹੀਂ, ਸੋ ਵਾਸਤੇ ਆਪਣੇ ਵੱਡੇ ਦੇ ਮੈਨੂੰ ਰਾਹ ਜਾਣ ਦਿਓ। ਇਹ ਸੁਣ ਕੇ ਸਾਈਂ ਲੋਕ ਚੁਪ ਹੋ ਗਏ ਅਰ ਸੋਹਣੀ ਪਾਣੀ ਦੇ ਨਾਲ ਨਾਲ ਉਪਰ ਉਪਰ ਮਾਨੋਂ ਤੁਰਦੀ, ਤੁਰਦੀ ਤੇ ਕੁਝ ਉਡਦੀ ਉਡਦੀ ਪਾਰ ਚਲੀ ਗਈ ਤੇ ਸਾਈਂ ਲੋਕਾਂ ਹਾਹੁਕਾ ਲੈ ਕੇ ਗੁਰਵਾਕ ਪੜ੍ਹਿਆ:-

**ਸਾਈ ਵਸਤੁ ਪਰਾਪਤਿ ਹੋਈ ਜਿਸੁ ਸੇਤੀ ਮਨੁ ਲਾਇਆ॥**

(ਸੂਹੀ ਮ: ੧, ਪੰਨਾ-੭੬੪)

ਹੁਣ ਸਿੰਘ ਜੀ ਨੇ ਸਾਈਂ ਜੀ ਨੂੰ ਪੁੱਛਿਆ, ਮੇਰੇ ਸੋਹਣੇ ਸੱਜਣ ਜੀ! ਇਹ ਕਉਤਕ ਕੀ ਵਰਤਿਆ ਹੈ? ਤਾਂ ਉਨ੍ਹਾਂ ਨੇ ਦੱਸਿਆ ਕਿ ਇਸ ਨਿਰਛਲ ਤੇ ਭੋਲੀ ਕੁੜੀ ਦੇ ਜੀ ਵਿਚ ਇਕ ਆਪਣੇ ਹੀ ਵਰਗੇ ਆਦਮੀ ਨਾਲ ਪਿਆਰ ਪੈ ਗਿਆ ਹੈ, ਪਿਆਰ ਦਿਲੀ ਹੈ ਤੇ ਡੂੰਘਾ ਹੈ, ਪਰ ਹੈ ਐਸੇ ਨਾਲ ਜਿਸ ਨੇ ਬਿਨਸਣਾ ਹੈ, ਅਰ ਜੋ ਜੀਉਂਦਾ ਬੰਦਾ ਨਹੀਂ ਹੈ, ਸੋ ਬਿਨਸ ਜਾਣ ਵਾਲੇ ਦਾ ਮੋਹ ਤੇ ਅਬੰਦੇ* ਦਾ ਮੋਹ, ਜਦੋਂ ਕਰਮਾਂ ਅਨੁਸਾਰ ਵਿਛੋੜਾ ਆਵੇ, ਕਲੇਸ਼ ਤੇ ਦੁਖ ਦੇਂਦਾ ਹੈ ਤੇ ਸੋਗ ਵਿਚ ਪਾ ਦੇਂਦਾ ਹੈ, ਏਸੇ ਕਰ ਕੇ ਸਤਿਗੁਰ ਦਾ ਹੁਕਮ ਹੈ:-

**ਤਿਸ ਸਉ ਨੇਹੁ ਨ ਕੀਚਈ ਜਿ ਦਿਸੈ ਚਲਣਹਾਰੁ॥**

(ਸ: ਵਾ. ਤੇ ਵ: ਮ: ੧, ਪੰਨਾ-੧੪੧੦)

---

* ਬੰਦੇ ਤੋਂ ਇਲਾਵਾ ਜੋ ਹੋਰ ਮਾਯਾ ਹੈ ਜੈਸੇ- ਜੀਵ-ਜੰਤੂ, ਜ਼ਮੀਨਾਂ, ਜਾਇਦਾਦਾਂ ਆਦਿ।

 www.sikhbookclub.com

ਫੇਰ ਪਿਆਰ ਕਰੀਏ ਕਿਸ ਨਾਲ? ਮੋਹ, ਪਿਆਰ, ਪ੍ਰੀਤ, ਪ੍ਰੇਮ ਉਸ ਨਾਲ ਕਰੀਏ ਜੋ ਸਦਾ ਅਟੱਲ ਹੋਵੇ, ਉਹ ਮਾਲਕ ਵਾਹਿਗੁਰੂ ਹੈ, ਉਸ ਨਾਲ ਪਿਆਰ ਪਾਈਏ ਤਾਂ ਸਤਿਗੁਰ ਦਸਦੇ ਹਨ ਕਿ:-

**ਨਾ ਓਹੁ ਮਰੈ ਨ ਹੋਵੈ ਸੋਗੁ।**

(ਆਸ ਮ: ੧, ਪੰਨਾ-੩੪੯)

ਸੋ ਇਸ ਕੁੜੀ ਨੇ ਪਿਆਰ ਤਾਂ ਕੀਤਾ, ਪਰ ਪਿਆਰ ਦਾ ਨਿਸ਼ਾਨਾ ਪੱਕਾ ਨਹੀਂ ਸੀ, ਜਿਸ ਕਰ ਕੇ ਉੱਪਰ ਨਹੀਂ ਉਠ ਸਕੀ। ਮੈਨੂੰ ਤਰਸ ਆਇਆ ਕਿ ਇਹ, ਜੋ ਆਪਣੇ ਪਿਆਰ ਵਿਚ ਐਨੀ ਦ੍ਰਿੜ੍ਹ ਹੈ ਕਿ ਕੱਚੇ ਘੜੇ ਦੇ ਟੁੱਟਦਿਆਂ ਪਿੱਛੇ ਨਹੀਂ ਮੁੜੀ, ਅਗੇ ਹੀ ਅਗੇ ਗਈ ਹੈ, ਮੌਤ ਤੋਂ ਨਹੀਂ ਡਰੀ ਤੇ ਉਸ ਨੂੰ ਮਖੌਲ ਕੀਤਾ ਸੂ, ਇਸ ਨੂੰ ਮੱਤ ਦਿਆਂ, ਜੋ ਸੱਚੇ ਨਿਸ਼ਾਨੇ ਵਲ ਮੂੰਹ ਕਰੇ ਤੇ ਇਸ ਦਾ ਰੁਖ਼ ਅਸਲ ਪ੍ਰੇਮ-ਚੰਦ ਵੱਲ ਪੈ ਜਾਵੇ, ਤਾਂ ਜੋ ਅਗਲੇ ਜਨਮ ਇਸ ਪਿਆਰ, ਇਸ ਦ੍ਰਿੜ੍ਹਤਾ ਨਾਲ, ਜਿਸ ਨਾਲ ਕਿ ਹੁਣ ਮਰਨਾ ਕਬੂਲਿਆ ਸੂ ਤੇ ਪਿਛੇ ਨਹੀਂ ਪਰਤੀ, ਇਹ ਵਾਹਿਗੁਰੂ ਨੂੰ ਪਾ ਲਵੇ ਤੇ ਅਟੱਲ ਪਦ ਤੇ ਪਹੁੰਚ ਜਾਵੇ। ਪਰ ਉਸਦਾ ਦ੍ਰਿੜ੍ਹ ਅਭਿਆਸ ਤੇ ਏਕਾਗ੍ਰਤਾ ਜਿਥੇ ਹੋ ਚੁੱਕੀ ਹੈ ਉਸੇ ਪਾਸੇ ਵਲ ਨੂੰ ਹੀ ਗਈ ਹੈ।

ਸਿੰਘ— ਫੇਰ ਹੁਣ ਇਹ ਕੀ ਕਰਸੀ?

ਸਾਈਂ— ਕਰਸੀ ਕੀ, ਮਹੀਂਵਾਲ ਕੋਲ ਜਾਏਗੀ, ਉਸ ਦੇ ਮਨ ਪਰ ਇਸ ਦਾ ਪ੍ਰਭਾਵ ਪਏਗਾ, ਉਹ ਘਬਰਾ ਕੇ ਉਠੇਗਾ, ਮਰਨ ਨੂੰ ਜੀ ਕਰਸੁਗਾ ਤੇ ਉਹ ਬੀ ਮਰ ਜਾਏਗਾ, ਫੇਰ ਦੋਵੇਂ ਕੱਠੇ ਕੁਛ ਸਮਾਂ ਬਿਤਾਉਣਗੇ। ਫੇਰ ਸਮਾਂ ਪਾ ਕੇ ਜੰਮਣਗੇ, ਫੇਰ ਖਿੱਚਾਂ ਖਾਣਗੇ। ਜਦ ਤਾਈਂ ਪ੍ਰੀਤ ਸਰੀਰਕ ਹੈ ਤਦ ਤਾਈਂ ਵਿਛੋੜਿਆਂ ਦੇ ਰੰਗ ਵਰਤਦੇ ਹਨ। ਹਾਂ, ਜਦ ਤਾਈਂ ਪ੍ਰੀਤ ਦਾ ਨਿਸ਼ਾਨਾ 'ਸਾਈਂ' ਨਹੀਂ ਬਨਾਣਗੇ ਤਦ ਤਾਈਂ ਇਹ 'ਮੋਹ' ਹੈ, ਏਸ ਮੋਹ ਦੇ ਨਕਸ਼ ਕਾਲੇ ਹੀ ਪੈਂਦੇ ਹਨ:-

**ਜੇਤਾ ਮੋਹੁ ਪਰੀਤਿ ਸੁਆਦ॥**
**ਸਭਾ ਕਾਲਖ ਦਾਗਾ ਦਾਗ॥**

(ਧਨਾ: ਮ: ੧, ਪੰਨਾ-੬੬੨)

 www.sikhbookclub.com

ਕਿਉਂਕਿ ਹਰ ਪ੍ਰਕਾਰ ਦੀ ਪ੍ਰੀਤ, ਜਿਸ ਦਾ ਨਿਸ਼ਾਨਾ ਸਤਿਸੰਗ, ਗੁਰੂ, ਪਰਮੇਸ਼ਰ ਨਹੀਂ, ਉਹ ਰੂਹ ਨੂੰ ਸਾਈਂ ਦੇ ਲੋਕ ਨਹੀਂ ਲੈ ਜਾਂਦੀ:-

**ਹੋਰੁ ਸਭ ਪ੍ਰੀਤਿ ਮਾਇਆ ਮੋਹੁ ਕਾਚਾ॥**
**ਬਿਨਸਿ ਜਾਇ ਕੂਰਾ ਕਚੁ ਪਾਚਾ॥**
**ਜਨ ਨਾਨਕ ਪ੍ਰੀਤਿ ਤ੍ਰਿਪਤਿ ਗੁਰੁ ਸਾਚਾ॥**
(ਗਉ: ਗੁਆ: ਮ: ੪, ਪੰਨਾ-੧੬੪)

ਸਿੰਘ— ਭਲਾ ਜੀ, ਇਸ ਵਿਚ ਪ੍ਰੀਤ ਤਾਂ ਸੀ ਇਸ ਨੂੰ ਕੁਛ ਤਾਂ ਸਹਾਰਾ ਚਾਹੀਦਾ ਸੀ।

ਸਾਈਂ— ਇਹੋ ਗੱਲ ਵੇਖ ਕੇ ਤਾਂ ਮੈਂ ਤਰਸ ਖਾ ਕੇ ਆਇਆ ਸਾਂ ਕਿ ਅਗੋਂ ਇਸ ਦੀ ਪ੍ਰੀਤ ਨੂੰ ਦਰੁਸਤ ਰਸਤੇ ਪਾ ਦਿਆਂ, ਪਰ ਸਾਰੀ ਉਮਰ ਜਿਸ ਨਿਸ਼ਾਨੇ ਪਰ ਅਭਿਆਸ ਹੋਇਆ ਉਹ ਕਿਵੇਂ ਛੇਤੀ ਛੇਤੀ ਰੁਖ਼ ਪਲਟਾ ਲੈਣ ਦੇਵੇ, ਏਸੇ ਕਰ ਕੇ ਸਾਡੇ ਮਹਾਰਾਜ ਜੀ ਨੇ ਇਹ ਨਿਯਮ ਦੱਸਿਆ ਹੈ:-

**ਉਬਰਤ ਰਾਜਾ ਰਾਮ ਕੀ ਸਰਣੀ॥**
**ਸਰਬ ਲੋਕ ਮਾਇਆ ਕੇ ਮੰਡਲ**
**ਗਿਰਿ ਗਿਰਿ ਪਰਤੇ ਧਰਣੀ॥**
(ਗਉ: ਮਾ: ਮ: ੫, ਪੰਨਾ-੨੧੫)

ਜਿਨ੍ਹਾਂ ਦੇ ਹਿਰਦੇ ਪ੍ਰੀਤ ਸਾਈਂ ਦੀ ਨਹੀਂ ਉਨ੍ਹਾਂ ਦੀਆਂ ਰੂਹਾਂ ਉੱਚੀਆਂ ਉੱਠ ਨਹੀਂ ਸਕਦੀਆਂ; ਓਹ ਧਰਤੀ ਪਰ ਹੀ ਆਪਣੇ ਪਿਆਰ-ਨਿਸ਼ਾਨੇ ਦੁਆਲੇ ਘੁੰਮਦੀਆਂ ਰਹਿੰਦੀਆਂ ਹਨ, ਇਸ ਲਈ ਬੇਨਤੀ ਕਰਿਆ ਕਰੋ:-

**ਕਰਹੁ ਕ੍ਰਿਪਾ ਸਰਬ ਕੇ ਦਾਤੇ ਏਕ ਰੂਪ ਲਿਵ ਲਾਵਹੁ॥**
**ਨਾਨਕ ਕੀ ਬੇਨੰਤੀ ਹਰਿ ਪਹਿ ਅਪੁਨਾ ਨਾਮੁ ਜਪਾਵਹੁ॥**
(ਗਉੜੀ ਮਾ: ਮ: ੫, ਪੰਨਾ-੨੧੬)

ਸਿੰਘ— ਸੱਚ ਹੈ, ਅੱਜ ਸਮਝ ਆਈ ਹੈ ਕਿ ਸ੍ਰੀ ਗੁਰੂ ਜੀ ਨੇ ਕਿਉਂ ਇਕ ਵਾਹਿਗੁਰੂ ਦੀ ਪ੍ਰੀਤ ਅਰ ਪ੍ਰੀਤ ਉਪਜਣ ਲਈ ਉਸ ਇਕੋ ਦਾ ਨਾਮ ਸਿਮਰਨ ਦਸਿਆ ਹੈ, ਮੈਂ ਸਮਝਦਾ ਸਾਂ ਕਿ ਅੰਦਰ ਪ੍ਰੀਤ ਹੋਵੇ ਚਾਹੇ ਕਿਸੇ ਨਾਲ ਹੋਵੇ।

ਸਾਈਂ— ਪ੍ਰੀਤ ਹੋਣਾ ਬੜਾ ਚੰਗਾ ਹੈ, ਪ੍ਰੀਤ ਇਕ ਜੀਵਨ ਦਾ ਰੁਮਕਾ ਰੁਮਕਾ ਦੇਂਦੀ ਹੈ, ਸੱਚੀ ਪ੍ਰੀਤ ਕਹਾਂ ਪਾਈਏ, ਪਰ ਸੱਜਣਾਂ! ਸਿਧੀ ਗੱਲ ਇਹ ਹੈ ਕਿ ਜਿਸ ਨਿਸ਼ਾਨੇ ਨਾਲ ਪ੍ਰੀਤ ਹੋਊ ਸੁਰਤ ਉਥੇ ਹੀ ਜਾਊ ਨਾ:-

**ਸਾਈ ਵਸਤੁ ਪਾਰਪਤਿ ਹੋਈ ਜਿਸੁ ਸਿਉ ਲਾਇਆ ਹੇਤੁ॥**
(ਸਿਰੀ ਰਾਗ ਪਹਰੇ ਮ: ੧, ਪੰਨਾ-੭੫)

ਸੋ ਬਿਨਸਨਹਾਰ ਨਾਲ ਪ੍ਰੀਤ ਬਿਨਸਨਹਾਰ ਕੋਲ ਲਿਜਾਊ, ਉਥੇ ਜੋ ਵਿਛੋੜਾ, ਦੁਖ, ਭੁੱਖ, ਮਰਨਾ ਨਾਲ ਹੋਏ, ਏਹ ਸਾਰੇ ਕਲੇਸ਼ ਰੂਪ ਹੋਏ। ਪ੍ਰੀਤ ਤਾਂ ਠੀਕ ਆਈ, ਇਕ ਰੁਖ਼ ਬੀ ਬੱਝਾ, ਪਰ ਫਲ ਵਿਚ ਕਲੇਸ਼-ਨਵਿਰਤੀ ਤਾਂ ਨਾ ਹੋਈ।

ਸਿੰਘ— ਜੀ ਏਹ ਤਾਂ ਸਾਫ਼ ਹੈ, ਪਰ ਸਾਈਂ ਜੀ! ਇਹ ਤਾਂ ਪ੍ਰੀਤਵਾਨਾਂ ਦਾ ਹਾਲ ਹੈ ਤੇ ਹਮਾਤੜਾਂ ਪਾਪੀਆਂ ਦਾ ਕੀ ਹਾਲ?

ਸਾਈਂ— ਆ ਤੈਨੂੰ ਦੱਸੀਏ।

ਦੋਵੇਂ ਜਣੇ ਫੇਰ ਝਨਾ ਦੇ ਕਿਨਾਰੇ ਗਏ। ਇਕ ਤ੍ਰੀਮਤ ਕੱਚਾ ਘੜਾ ਲੈ ਕੇ ਆਈ, ਇਕ ਝਾੜੀ ਦੇ ਓਹਲੇ ਰੱਖ ਦਿੱਤਾ, ਤੇ ਓਥੋਂ ਪੱਕਾ ਘੜਾ ਚਾ ਕੇ ਚਲੀ ਗਈ, ਪਰ ਮਗਰੋਂ ਫੇਰ ਆਈ, ਫੇਰ ਪੱਕਾ ਰੱਖ ਗਈ ਤੇ ਕੱਚਾ ਲੈ ਗਈ, ਪਲ ਮਗਰੋਂ ਆਈ ਫੇਰ ਘੜਿਆਂ ਦਾ ਵਟਾਂਦਰਾ ਕਰ ਗਈ, ਕਈ ਵਾਰ ਏਸ ਤਰ੍ਹਾਂ ਕਰਕੇ ਝਨਾ ਦੇ ਕਿਨਾਰੇ ਆ ਖੜੋਤੀ, ਡਿਠੋਸੁ ਕਿ ਸੋਹਣੀ ਡੁਬ ਮੋਈ। ਫੇਰ ਏਹ ਚੀਕਾਂ ਮਾਰ ਕੇ ਰੋਈ, ਆਪਣੇ ਹੀ ਦੰਦਾਂ ਨਾਲ ਆਪਣੇ ਹੱਥਾਂ ਨੂੰ ਚੱਕ ਵੱਢੇ ਤੇ ਚੀਕੇ; ਬਾਹਾਂ ਉਲਾਰੇ ਤੇ ਕਚੀਚੀਆਂ ਲਵੇ। ਫੇਰ ਚਲੀ ਗਈ, ਛੇਤੀ ਨਾਲ ਪੱਕਾ ਘੜਾ ਲਿਆ ਕੇ ਝਾੜੀ ਉਹਲੇ ਰੱਖ ਗਈ, ਫੇਰ ਆਈ ਕੱਚਾ ਧਰ ਗਈ, ਫੇਰ ਨਦੀ ਕੰਢੇ ਆ ਕੇ ਸੋਹਣੀ ਡੁਬਦੀ ਵੇਖੀ, ਫੇਰ ਆਪਣੇ ਹੱਥਾਂ ਨੂੰ ਆਪ ਵਢਣ ਲੱਗੀ, ਇਸੇ ਤਰ੍ਹਾਂ ਹਾਵੇ, ਹਾਹੁਕੇ ਤੇ ਕਲੇਸ਼ ਭਰਦੀ ਨੂੰ ਤੇ ਆਪਣੇ ਆਪ ਨੂੰ ਵੱਢ ਖਾਂਦੀ ਨੂੰ ਵੇਖ ਕੇ ਸਿੰਘ ਜੀ ਨੇ ਪੁੱਛਿਆ ਏਹ ਕੀ ਰੰਗ ਹੈ?

ਸਾਈਂ— ਇਹ ਨਰਕ ਹੈ, ਮੇਰੀ ਜਾਚੇ ਨਰਕ* ਦਾ ਅਰਥ ਹੋਣਾ ਚਾਹੀਏ: ਨਰ+ਅਕ=ਉਹ ਦੁਖ ਜੋ ਆਦਮੀ ਨੂੰ ਹੋ ਸਕਦਾ ਹੈ, ਸੋ ਹਾਵੇ, ਪਛੁਤਾਵੇ

---

* ਕੋਸ਼ ਅਰਥ ਹੈ:-'ਜਿਧਰ ਬੁਰੇ ਲਿਜਾਏ ਜਾਣ।'

ਤੇ ਕੀਤੇ ਹੋਏ ਮਾੜੇ ਕਰਮਾਂ ਉਪਰ ਆਪਣੇ ਆਪ ਨੂੰ ਉਲ੍ਹਾਮੇ ਦੇਣੇ, ਇਹ ਦੁਖ ਨਾ ਪੱਥਰਾਂ ਨੂੰ, ਨਾ ਬ੍ਰਿਛਾਂ ਨੂੰ, ਨਾ ਪਸ਼ੂਆਂ ਨੂੰ ਵਾਪਰ ਸਕਦਾ ਹੈ, ਏਹ ਉਲ੍ਹਾਮੇ ਦਾ ਦੁਖ, ਪਛੁਤਾਵੇ ਦਾ ਦੁਖ ਕੇਵਲ ਆਦਮੀ ਨੂੰ ਹੀ ਹੋ ਸਕਦਾ ਹੈ, ਜਿਸ ਦਾ ਮਨ ਬੁੱਧੀ ਦੇ ਦਰਜੇ ਦਾ ਹੈ ਤੇ ਜੋ ਚੇਤੇ ਰਖ ਸਕਦਾ ਹੈ, ਵੀਚਾਰ ਸਕਦਾ ਹੈ, ਤਮੀਜ਼ ਕਰ ਸਕਦਾ ਹੈ ਤੇ ਭਲੇ ਬੁਰੇ ਨੂੰ ਜਾਣਦਾ ਹੈ। ਮਾੜੇ ਕੰਮ ਕੀਤੇ ਦਾ ਫਲ ਪਛੁਤਾਵਾ, ਉਲਾਮੇ* ਹੈ, ਜੋ ਆਪਣੇ ਅੰਦਰੋਂ ਉਠ ਉਠ ਇਸ ਨੂੰ ਆਪੇ ਵੱਢ ਵੱਢ ਖਾਂਦੇ ਹਨ ਅਰ ਏਹ ਦੁਖ ਹਰ ਪ੍ਰਕਾਰ ਦੇ ਕਸ਼ਟ ਤੋਂ ਕਰੜਾ ਤੇ ਵਧੀਕ ਦੁਖਦਾਈ ਹੁੰਦਾ ਹੈ, ਸਾਰੇ ਨਰਕਾਂ ਦੇ ਕਹੇ ਦੁਖਾਂ ਤੋਂ ਇਹ ਦੁਖ ਭਾਰੂ ਹੈ। ਪਾਪੀਆਂ ਨੂੰ ਹਨੇਰਾ ਹੁੰਦਾ ਹੈ, ਪਾਪੀ ਇੱਕਲੇ ਹੁੰਦੇ ਹਨ, ਪਾਪੀ ਦੇ ਕਰਮਾਂ ਤੇ ਪੜਦਾ ਨਹੀਂ, ਉਸ ਨੂੰ ਪਾਪ ਕੀਤੇ ਦੀਹਦੇ ਹਨ, ਉਹ ਇਸੇ ਕਰਕੇ ਨੰਗਾ ਹੈ:-

**ਨਰਕ ਘੋਰ ਬਹੁ ਦੁਖ ਘਣੇ ਅਕਿਰਤਘਣਾ ਕਾ ਥਾਨੁ॥**
**ਤਿਨਿ ਪ੍ਰਭਿ ਮਾਰੇ ਨਾਨਕਾ ਹੋਇ ਹੋਇ ਮੁਏ ਹਰਾਮੁ॥**
(ਗਉ: ਵਾ: ਮ: ੪, ਪੰਨਾ-੩੧੫)

ਸਿੰਘ— ਇਹ ਸੋਹਣੀ ਦੀ ਨਨਾਣ, ਕੱਚਾ ਘੜਾ ਧਰਨ ਵਾਲੀ ਸਰੀਰ ਵਿਚ ਦੁਖੀ ਹੋ ਰਹੀ ਹੈ?

ਸਾਈਂ— ਸਰੀਰ ਵਿਚ ਬੀ ਪਛੁਤਾਵਾ ਸਾੜਦਾ ਤਾਂ ਹੈ ਪਰ ਦੁਆਲੇ ਲੋਕਾਂ ਦਾ ਹੋਣਾ, ਕੰਮ ਧੰਦੇ ਹੋਣੇ, ਦਿਲ ਕਿਸੇ ਵੇਲੇ ਭੁੱਲ ਜਾਂਦਾ ਤੇ ਹੋਰਨਾਂ ਰੋਝਿਆਂ ਵਿਚ ਪਰਚਦਾ ਰਹਿੰਦਾ ਹੈ, ਪਰ ਚੋਲਾ ਛੱਡ ਕੇ ਪਾਪੀਆਂ ਦੇ ਦੁਆਲੇ ਉਨ੍ਹਾਂ ਦੀ ਖ਼ੁਦਗਰਜ਼ੀ ਤੇ ਅਪਸੁਆਰਥੀ ਸੁਭਾਅ ਨਾਲ ਉਸਾਰੀ ਕੂੜ ਦੀ ਪਾਲ ਹੀ ਹੁੰਦੀ ਹੈ, ਅਰਥਾਤ ਉਹ ਇੱਕਲੇ ਹੁੰਮਸ ਧੁੰਮਸ ਵਿਚ ਹੁੰਦੇ ਹਨ ਤੇ ਨੰਗੇ ਹੁੰਦੇ ਹਨ ਅਰਥਾਤ ਉਨ੍ਹਾਂ ਦੇ ਕਰਮ ਉਨ੍ਹਾਂ ਦੇ ਸਾਹਮਣੇ ਹੁੰਦੇ ਹਨ, ਉਹ ਉਲ੍ਹਾਮਿਆਂ ਨਾਲ ਆਪਣੇ ਆਪ ਨੂੰ ਕਲੇਸ਼ਾਤੁਰ ਕਰਦੇ ਹਨ। ਇਹ ਕੁੜੀ ਇਸ ਵੇਲੇ ਚੋਲਾ ਛੋੜ ਕੇ ਕੀਤੇ ਦਾ ਫਲ ਆਪਣੇ ਉਲ੍ਹਾਮਿਆਂ ਵਿਚ ਭੁਗਤ ਰਹੀ ਹੈ।

---

* ਉਲਾਮੇ ਜੀਉ ਸਹੇ।

ਸਿੰਘ— ਤਦ, ਫੇਰ ਦੁਨੀਆਂ ਦੇ ਲੋਕ ਤਾਂ ਸਾਰੇ ਹੀ ਸੁਆਰਥੀ ਹਨ, ਪਿਆਰ ਜੇ ਕਿਸੇ ਪਾਸ ਹੈ ਤਾਂ ਨਿਸ਼ਾਨਾ ਗ਼ਲਤ ਹੈ, ਇਸ ਤਰ੍ਹਾਂ ਤਾਂ ਸਾਰੀ ਸ੍ਰਿਸ਼ਟੀ ਦੁਖ ਪਾਏਗੀ, ਕਿਰਪਾ ਕਰਕੇ ਆਪ ਸਮਰੱਥ ਹੋ ਇਨ੍ਹਾਂ ਨੂੰ ਰੱਖੋ।

ਸਾਈਂ— ਸੰਤਾ! ਮੈਂ ਸੰਸਾਰ ਯਾਤਰਾ ਦਾ ਕੰਮ ਪੂਰਾ ਕਰ ਆਇਆ ਹਾਂ, ਤੇ ਮੇਰਾ ਕੰਮ ਹੁਣ ਉਨ੍ਹਾਂ ਦੀ ਸਹਾਇਤਾ ਕਰਨਾ ਹੈ ਜੋ ਸੰਸਾਰ ਛੱਡ ਕੇ ਆਉਣ, ਮੈਂ ਉਨ੍ਹਾਂ ਦੀ ਸੇਵਾ ਤੇ ਪਿਆਰ ਵਿਚ ਰਹਿੰਦਾ ਹਾਂ।

ਸਿੰਘ— ਫੇਰ ਜੇ ਮੈਨੂੰ ਮੋੜ ਘੱਲੋ ਤਾਂ ਮੈਂ ਜਾ ਕੇ ਪੱਲੂ ਫੇਰ ਦਿਆਂ, ਸਾਰੇ ਜੱਗਵਿਚ ਦੁਹਾਈ ਦੇ ਦਿਆਂ, ਅੱਖੀਂ ਆਹ ਹਾਲ ਕੂੜੀਆਂ ਪ੍ਰੀਤਾਂ ਤੇ ਮਾੜੇ ਕੰਮ ਕੀਤਿਆਂ ਦੇ ਦੇਖ ਆਇਆ ਹਾਂ, ਹੇ ਲੋਕੋ! 'ਸਾਈਂ ਨਾਲ ਪ੍ਰੀਤ ਕਰੋ', ਤੇ ਵੀਰੋ! 'ਕਰਮ ਸ਼ੁਭ ਕਰੋ।' ਸਾਈਂ ਜੀ ਹੱਸ ਪਏ ਤੇ ਆਖਣ ਲੱਗੇ: ਹਰ ਭਲੇ ਪੁਰਸ਼ ਨੂੰ ਇਹ ਕਰਨਾ ਚਾਹੀਦਾ ਹੈ, ਪਰ ਜਿਨ੍ਹਾਂ ਨੂੰ ਤੂੰ ਸੁਆਰਨਾ ਚਿਤਵਦਾ ਹੈਂ, ਓਨਾਂ ਦਾ ਏਹ ਹਾਲ ਹੈ:-

**ਜਿਨਕੇ ਚਿਤ ਕਠੋਰ ਹਹਿ ਸੇ ਬਹਹਿ ਨ ਸਤਿਗੁਰ ਪਾਸਿ॥**
**ਓਥੈ ਸਚੁ ਵਰਤਦਾ ਕੂੜਿਆਰਾ ਚਿਤ ਉਦਾਸਿ॥**
**ਓਇ ਵਲ ਛਲੁ ਕਰਿ ਝਤਿ ਕਢਦੇ**
**ਫਿਰਿ ਜਾਇ ਬਹਹਿ ਕੂੜਿਆਰਾ ਪਾਸਿ॥**
**ਵਿਚਿ ਸਚੇ ਕੂੜੁ ਨ ਗਡਈ ਮਨਿ ਵੇਖਹੁ ਕੋ ਨਿਰਜਾਸਿ॥**
**ਕੂੜਿਆਰ ਕੂੜਿਆਰੀ ਜਾਇ ਰਲੇ**
**ਸਚਿਆਰ ਸਿਖ ਬੈਠੇ ਸਤਿਗੁਰ ਪਾਸਿ॥੨੯॥**
(ਵਾ: ਗਉ: ਮ: ੪ , ਪੰਨਾ-੩੧੪)

ਪੁਨਾ:-

**ਮਨਮੁਖੁ ਅਗਿਆਨੁ ਦੁਰਮਤਿ ਅਹੰਕਾਰੀ॥**
**ਅੰਤਰਿ ਕ੍ਰੋਧੁ ਜੂਐ ਮਤਿ ਹਾਰੀ॥**
(ਵਾ: ਗਉ: ਮ: ੪, ਪੰਨਾ-੩੧੪)

ਸੋ ਭਾਈ! ਲੋਕੀ ਮੰਨਦੇ ਨਹੀਂ।

ਸਿੰਘ— ਕਿਉਂ ਨਹੀਂ ਲੋਕ ਮੰਨਣਗੇ?

 www.sikhbookclub.com

ਸਾਈਂ— ਇਸ ਲਈ ਕਿ ਹੰਕਾਰ ਉਨ੍ਹਾਂ ਨੂੰ ਸੁਣਨ, ਨਿਉਣ ਤੇ ਮੰਨਣ ਨਹੀਂ ਦੇਂਦਾ।

**ਮਨਮੁਖੁ ਅਹੰਕਾਰੀ ਮਹਲੁ ਨ ਜਾਣੈ ਖਿਨੁ ਆਗੈ ਖਿਨੁ ਪੀਛੈ॥**
**ਸਦਾ ਬੁਲਾਈਐ ਮਹਲਿ ਨ ਆਵੈ ਕਿਉ ਕਰਿ ਦਰਗਹ ਸੀਝੈ॥**
**ਸਤਿਗੁਰ ਕਾ ਮਹਲੁ ਵਿਰਲਾ ਜਾਣੈ ਸਦਾ ਰਹੈ ਕਰ ਜੋੜਿ॥**
**ਆਪਣੀ ਕ੍ਰਿਪਾ ਕਰੇ ਹਰਿ ਮੇਰਾ ਨਾਨਕ ਲਏ ਬਹੋੜਿ॥੨॥**
(ਵਾਰ ਗਉੜੀ ਮ:੪-੨੫, ਪੰਨਾ-੩੧੪)

ਸਿੰਘ— ਮਹਾਂ ਪੁਰਖ ਜੀ! ਸਾਈਂ ਕ੍ਰਿਪਾ ਦਾ ਥਾਉਂ ਬੀ ਤਾਂ ਹੈ ਨਾ, ਮਿਹਰ ਕਰੋ ਮੈਨੂੰ ਥਾਪੜਾ ਦਿਓ, ਮੈਂ ਸੰਸਾਰ ਵਿਚ ਜਾ ਕੇ ਪੱਲੂ ਫੇਰਾਂ।

ਸਾਈਂ— ਮਿੱਤ੍ਰਾ! ਫੇਰ ਇਸ ਕੰਮ ਤੋਂ ਉੱਤਮ ਕੰਮ ਹੋਰ ਕੀ ਹੈ? ਤੂੰ ਜੇ ਆਪ ਤਰੇਂ ਤੇ ਆਪਣੇ ਨਾਲ ਹੋਰਾਂ ਨੂੰ ਭੀ ਤਾਰ ਲਿਆਵੇਂ ਤਾਂ ਤੇਰਾ ਇਥੇ ਉਹ ਆਦਰ ਹੋਵੇ ਕਿ ਦੇਖਣ ਨਾਲ ਹੀ ਪਤਾ ਲਗਦਾ ਹੈ; ਇਸੇ ਕਰਕੇ ਸਤਿਗੁਰ ਨੇ ਕਿਹਾ ਹੈ:-

**ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ**
**ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥**
(ਗਉੜੀ ਵਾਰ ਮ: ੪, ਪੰਨਾ-੩੦੬)

ਹੇ ਭਾਈ:-

**ਬਿਖੈ ਕਉੜਤਣਿ ਸਗਲ ਮਾਹਿ ਜਗਤਿ ਰਹੀ ਲਪਟਾਇ॥**
**ਨਾਨਕ ਜਨਿ ਵੀਚਾਰਿਆ ਮੀਠਾ ਹਰਿ ਕਾ ਨਾਉ॥੨॥**
(ਵਾਰ ਗਉੜੀ ਮ: ੫, ਪੰਨਾ-੩੨੦)

ਸਾਰੇ ਸੰਸਾਰ ਨੂੰ ਵਿਖਿਆ ਦੀ ਕੌੜੱਤਣ, ਹਾਂ ਕੌੜੀ ਜ਼ਹਿਰ ਚੜ੍ਹ ਰਹੀ ਹੈ, ਇਨ੍ਹਾਂ ਦਾ ਦਾਰੂ ਨਾਮ ਹੈ, ਸੋ ਜੋ ਸਾਈਂ ਦਾ ਬੰਦਾ ਇਹ ਵਿੱਸ ਝਾੜ ਕੇ ਲੋਕਾਂ ਨੂੰ ਮਿੱਠੇ ਨਾਮ ਰੰਗ ਵਿਚ ਲਾਉਂਦਾ ਹੈ, ਉਸ ਦਾ ਜਨਮ ਧੰਨ ਹੈ-

**ਆਇਆ ਸਫਲ ਤਾਹੂ ਕੋ ਗਨੀਐ॥**
**ਜਾਸੁ ਰਸਨ ਹਰਿ ਹਰਿ ਜਸੁ ਭਨੀਐ॥**
(ਗਉੜੀ ਬਾਵਨ ਅੱਖਰੀ, ਪੰਨਾ-੨੫੨)

ਪੁਨਾ:-

**ਜਨ ਆਵਨ ਕਾ ਇਹੈ ਸੁਆਉ॥**
**ਜਨ ਕੈ ਸੰਗਿ ਚਿਤਿ ਆਵੈ ਨਾਉ॥**
(ਗਉੜੀ ਸੁਖਮਨੀ, ਪੰਨਾ-੨੯੫)

ਸਿੰਘ— ਫੇਰ ਮੈਨੂੰ ਮਾਤ-ਲੋਕ ਵਿਚ ਘਲੋ।

ਸਾਈਂ— (ਹੱਸ ਕੇ)- ਤੂੰ ਮਰਿਆ ਤਾਂ ਨਹੀਂ, ਅਜੇ ਤਾਂ ਤੂੰ ਸੰਸਾਰ ਦੇ ਵਿਚ ਹੀ ਹੈਂ, ਤੇਰੀ ਦੇਹੀ ਇਕ ਬ੍ਰੇਤੀ ਪਰ ਪਈ ਹੈ, ਤੂੰ ਰੁੜ੍ਹ ਪਿਆ ਸੈਂ, ਪਰ ਸੰਸਾਰ ਯਾਤਰਾ ਅਜੇ ਸੰਪੂਰਨ ਨਹੀਂ ਸੀ ਹੋਈ, ਸੋ ਤੂੰ ਬ੍ਰੇਤੇ ਤੇ ਪਹੁੰਚਿਆ, ਬ੍ਰਿਛਾਂ ਵਿਚ ਅਟਕ ਗਿਆ, ਪਾਣੀ ਲਹਿ ਗਿਆ, ਸਾਈਂ ਨੇ ਤੈਨੂੰ ਬਚਾ ਲਿਆ ਹੈ। ਤੂੰ ਇਸ ਵੇਲੇ ਇਕ ਮੂਰਛਿਤ ਦਸ਼ਾ ਵਿਚ ਪਿਆ ਇਹ ਕੌਤਕ ਤੱਕ ਰਿਹਾ ਹੈ ਕਿ ਤੈਨੂੰ ਉਨ੍ਹਾਂ ਗੱਲਾਂ ਦੀ ਸਾਫ਼, ਸੰਸੇ ਰਹਿਤ ਸਮਝ ਆ ਜਾਵੇ ਜੋ ਗੁਰੂ ਨਾਨਕ, ਜਗਤ ਗੁਰ, ਠੰਢੇ, ਪਿਆਰੇ, ਮਿੱਠੇ, ਰਸੀਏ ਤੇ ਵੈਰਾਗੀ ਸਤਿਗੁਰ ਨਾਨਕ ਨੇ ਕਹੀਆਂ ਹਨ, ਹੋਰ ਤੂੰ ਅਜੇ ਮੋਇਆ ਨਹੀਂ ਹੈਂ, ਹੁਣ ਜਾਗਣਾ ਹੈ, ਸੰਸਾਰ ਵਿਚ ਵਿਚਰਨਾ ਹੈ, ਨਾਮ ਦਾ ਪਿਆਰਾ ਹੈਂ, ਤੂੰ ਆਪ ਤਰਿਆ ਹੈਂ, ਗੁਰੂ ਕਰੇ ਹੋਰਨਾਂ ਨੂੰ ਤਾਰੇਂ।

ਸਿੰਘ— ਫੇਰ ਮੈਨੂੰ ਅਸੀਸ ਦਿਓ ਮੈਂ ਜਗਤ ਨੂੰ ਬਚਾਵਾਂ।

ਸਾਈਂ— ਇਹ ਥਾਪੜਾ, ਅਸੀਸ, ਹੁਕਮ ਦੇਣਾ ਮੇਰਾ ਕੰਮ ਨਹੀਂ, ਇਹ ਦਾਤਾ ਜੀ ਦਾ ਕੰਮ ਹੈ। ਮੇਰੀ ਬੇਨਤੀ ਹੈ ਕਿ ਗੁਰੂ ਤੈਨੂੰ ਬਰਕਤ ਦੇਵੇ। ਪਰ ਮੈਂ ਇਕ ਹੋਰ ਗੱਲ ਤੈਨੂੰ ਦੱਸ ਦਿਆਂ, ਤੂੰ ਚਾਈਂ ਚਾਈਂ ਇਹ ਕੰਮ ਕਰਨ ਦਾ ਉਤਸ਼ਾਹ ਵੀਚਾਰ ਕਰ ਰਿਹਾ ਹੈਂ, ਪਰ ਇਹ ਬੜਾ ਕਠਨ ਕੰਮ ਹੈ। ਤੂੰ ਸਮਝਦਾ ਹੈ ਜਦ ਤੂੰ ਏਹ ਕੰਮ ਕਰੇਂਗਾ ਸੰਸਾਰ ਤੇਰਾ ਕੀਤਾ ਜਾਣੇਂਗਾ, ਲੋਕ ਤੇਰਾ ਕਿਹਾ ਮੰਨਣਗੇ ਅਰ ਤੈਨੂੰ ਧੰਨ ਕਹਿਣਗੇ, ਪਰ ਹੋਵੇਗਾ ਇਸ ਦੇ ਉਲਟ! ਜੋ ਪਿਆਰ ਤੇ ਤਰਸ ਸ੍ਰਿਸ਼ਟੀ ਨਾਲ ਤੈਨੂੰ ਅੱਜ ਆਇਆ ਹੈ, ਅੱਗੇ ਤੈਥੋਂ ਬੜੇ ਬੜੇ ਉਚਿਆਂ ਨੂੰ ਆ ਚੁਕਾ ਹੈ ਅਰ ਉਨ੍ਹਾਂ ਨੇ ਜਾ ਕੇ ਏਹ

 www.sikhbookclub.com

ਸ਼ੁਭ ਕੰਮ ਕੀਤੇ ਹਨ, ਪਰ ਸ੍ਰਿਸ਼ਟੀ, ਜੋ ਫਲ ਉਨਾਂ ਨੂੰ ਦੇਂਦੀ ਰਹੀ ਹੈ, ਉਹ ਤੂੰ ਕਦੇ ਵੀਚਾਰ ਨਹੀਂ, ਜੋ ਲੋਕਾਂ ਨੂੰ ਮਾਇਆ-ਨੀਂਦ ਤੋਂ ਜਗਾਉਂਦੇ ਹਨ, ਵਿਸ਼ੇ ਅਗਨੀ ਤੋਂ ਕੱਢਦੇ ਹਨ, ਹੋਕਰੇ ਦੁਹਾਈਆਂ ਦੇਂਦੇ ਹਨ ਕਿ ਸੱਚੇ ਸੁਖ ਦੇ ਰਸਤੇ ਆਓ, ਜੋ ਜਾ ਕੇ ਪੁਕਾਰ ਪੁਕਾਰ ਕੇ ਆਖਦੇ ਹਨ:-

**ਡਡਾ ਡੇਰਾ ਇਹੁ ਨਹੀ ਜਹ ਡੇਰਾ ਤਹ ਜਾਨੁ॥**
**ਉਆ ਡੇਰਾ ਕਾ ਸੰਜਮੋ ਗੁਰ ਕੈ ਸਬਦਿ ਪਛਾਨੁ॥**
**ਇਆ ਡੇਰਾ ਕਉ ਸ੍ਰਮੁ ਕਰਿ ਘਾਲੈ॥**
**ਜਾ ਕਾ ਤਸੂ ਨਹੀ ਸੰਗਿ ਚਾਲੈ॥**
(ਗਉੜੀ ਬਾ: ਅਖ: ਮ: ੫, ਪੰਨਾ-੨੫੯)

ਜੋ ਕੂਕਾਂ ਦੇਂਦੇ ਹਨ ਕਿ ਆਤਮ ਘਾਤੀ ਨਾ ਬਣੋਂ- 'ਨਾਮ ਨ ਜਪੈ ਸੇ ਆਤਮ ਘਾਤੀ', ਜੋ ਹੋਕਰੇ ਦੇਂਦੇ ਹਨ:-

**ਕਬੀਰ ਦੀਨੁ ਗਵਾਇਆ ਦੁਨੀ ਸਿਉ ਦੁਨੀ ਨ ਚਾਲੀ ਸਾਥਿ॥**
**ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥਿ॥**
(ਸਲੋਕ ਕਬੀਰ ਜੀ-੧੩, ਪੰਨਾ-੧੩੬੫)

ਜੋ ਸਮਝਾਉਂਦੇ ਹਨ ਕਿ "ਹਰਿ ਵਿਮੁਖ ਹੋ ਕੇ ਮਾਇਆ ਮੋਹ ਨਾਲ ਜੇਹੜਾ ਪਿਆਰ ਕਰ ਰਹੇ ਹੋ, ਸਵਾਰਥ ਕਰ ਰਹੇ ਹੋ; ਅਕਲਾਂ ਨਾਲ ਹੈਂਕੜਾਂ ਵਿਚ ਹੋ, ਵਿਦਿਆ ਤੇ ਉਪਕਾਰਾਂ ਕਰਕੇ ਮਾਨ ਵਿਚ ਹੋ, ਕੇਵਲ ਵਾਹਿਗੁਰੂ ਦੇ ਨਾਮ ਵਿਚ ਆਓ, ਨਾਮ ਸਿਮਰਨ ਹੈ, ਯਾਦ ਹੈ, ਯਾਦ ਪ੍ਰੇਮ ਦਾ ਹਿਰਦੇ ਪਰ ਵਿਦਤ ਸਰੂਪ ਹੈ, ਪ੍ਰੇਮ ਪ੍ਰਭੂ ਮਿਲਾਉਂਦਾ ਹੈ, ਪ੍ਰੇਮ ਆਪ ਪ੍ਰਭੂ ਹੈ"*, ਐਸੇ ਸਿਖਿਆ ਦਾਤਿਆਂ ਨਾਲ ਲੋਕਾਂ ਨੇ ਬੜੇ ਧ੍ਰੋਹ ਕੀਤੇ, ਇਹ ਸੱਚੀਆਂ, ਮੱਤਾਂ ਦੇਣ ਵਾਲਿਆਂ ਲਈ ਸੂਲੀਆਂ ਗੱਡੀਆਂ, ਜ਼ਹਿਰ ਦੇ ਪਿਆਲੇ ਤਿਆਰ ਕੀਤੇ, ਤੱਤੇ ਤਵੇ ਰਚਾਏ, ਸੜਦੀਆਂ ਰੇਤਾਂ ਦੇ ਮੀਂਹ ਵਸਾਏ, ਤਲਵਾਰਾਂ ਦੇ ਘਾਟ ਉਤਾਰੇ, ਕੰਧਾਂ ਵਿਚ ਚਿਣੇ, ਸੁੱਤਿਆਂ ਪਿਆਂ ਦੇ ਪੇਟਾਂ ਵਿਚ ਕਟਾਰਾਂ ਫੂਕੀਆਂ, ਜਲਾਂ ਵਿਚ ਡੋਬੇ, ਅੱਗਾਂ ਵਿਚ ਸਾੜੇ, ਤੂੰਬੇ ਤੂੰਬੇ ਉਡਾਏ, ਬੰਦ

---

* ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥


www.sikhbookclub.com

ਬੰਦ ਕੱਟੇ। ਭੋਲਿਆ ਸੱਜਣਾ! ਓਹ ਓਹ ਤਸੀਹੇ ਦਿਤੇ ਜੋ ਓਹਨਾਂ ਨੇ ਕਦੇ ਚੋਰਾਂ, ਡਾਕੂਆਂ ਤੇ ਖੂਨੀਆਂ ਨੂੰ ਬੀ ਨਹੀਂ ਦਿੱਤੇ। ਹਾਂ ਹਾਂ ਉਹਨਾਂ ਨੇ ਘੋਰ ਪਾਪੀਆਂ ਲਈ ਤਰਸ ਖਾਧੇ, ਪਰ ਤਾਰਨਹਾਰਾਂ ਤੇ ਤਰਸ ਨਹੀਂ ਕੀਤੇ। ਇਹ ਕੰਮ – ਜਿਸ ਲਈ ਤੈਨੂੰ ਚਾਉ ਆਇਆ ਹੈ- ਬੜਾ ਚੰਗਾ ਹੈ, ਪਰ ਸਮਝ ਲੈ ਕਿ ਅਤੀ ਕਠਨ ਬੀ ਹੈ।

ਸਿੰਘ— ਜ਼ਰੂਰੀ ਹੈ ਕਿ ਮੇਰੇ ਨਾਲ ਵੀ ਇਹ ਹੋਵੇ?

ਸਾਈਂ— ਅਚਰਜ ਨਹੀਂ ਕਿ ਹੋਵੇ, ਪਰ ਇੰਨਾ ਤਾਂ ਜ਼ਰੂਰ ਹੋਸੀ ਕਿ ਤੂੰ ਲੋਕਾਂ ਨੂੰ ਆਪਣੇ ਖ਼ੂਨ ਨਾਲ ਪਾਲੇਂਗਾ, ਲੋਕ ਤੈਨੂੰ ਮਖ਼ੌਲ ਕਰਨਗੇ। ਤੂੰ ਜਿਗਰ ਤੇ ਦਿਲ ਦੇ ਟੋਟੇ ਕਰ ਕਰ ਖੁਆਲੇਂਗਾ ਪਰ ਓਹ ਤੇਰੀ ਨਿੰਦਾ ਕਰਨਗੇ। ਤੂੰ ਜੀਅਦਾਨ ਦੇਵੇਂਗਾ, ਓਹ ਤੈਨੂੰ ਮਾੜਾ ਕਹਿਣਗੇ। ਤੂੰ ਕੁਰਬਾਨੀ ਕਰੇਂਗਾ, ਨਿਸ਼ਕਾਮ ਪ੍ਰੇਮ ਕਰੇਂਗਾ, ਓਹ ਤੈਨੂੰ ਖ਼ੁਦਗਰਜ਼ ਤੇ ਮਾੜਾ ਆਖਣਗੇ। ਤੂੰ ਭਲਿਆਈ ਕਰੇਂਗਾ, ਪਾਪ ਧੋਵੇਂਗਾ, ਮੈਲਾਂ ਲਾਹੇਂਗਾ, ਉੱਜਲ ਕਰੇਂਗਾ, ਲੋਕ ਤੈਨੂੰ ਬਦਮਾਸ਼ ਆਖਣਗੇ। ਤੂੰ ਦਿਲ ਕੱਠੇ ਕਰੇਂਗਾ, ਖਿੰਡੀਆਂ ਸੁਰਤਾਂ ਇਕਾਗਰ ਕਰਾਵੇਂਗਾ, ਪ੍ਰੇਮ ਕਣੀਆਂ ਕਲੇਜਿਆਂ ਵਿਚ ਪਾਵੇਂਗਾ, ਟੁੱਟਿਆਂ ਨੂੰ ਸਾਈਂ ਨਾਲ ਮੇਲੇਂਗਾ, ਮੋਏ ਜਿਵਾਏਂਗਾ, ਮਨੁੱਖਾਂ ਤੋਂ ਦੇਵਤੇ ਕਰ ਦਏਂਗਾ, ਪਾਪੀਆਂ ਤੇ ਅਧਰਮੀਆਂ ਨੂੰ ਧਰਮੀ, ਰਸੀਏ ਤੇ ਸਿਮਰਨਹਾਰ ਬਣਾਏਂਗਾ, ਪਰ ਲੋਕ ਤੈਨੂੰ ਜਾਦੂਗਰ,ਠੱਗ ਤੇ ਭੂਤਾਂ ਦੀ ਖੇਡ ਵਾਲਾ ਆਖਣਗੇ, ਨਿਰਾ ਆਖਣਗੇ ਹੀ ਨਹੀਂ ਤੈਨੂੰ ਹਰ ਤਰ੍ਹਾਂ ਦੇ ਦੁਖਦੇਣਗੇ, ਨਿੰਦਾ ਨਾਲ ਤੇਰੀ ਸੁਰਤ ਦੇ ਰੰਗ ਵਿਚ ਭੰਗ ਪਾਉਣਗੇ ਤੇ ਆਪਣੀ ਵਲੋਂ ਤੈਨੂੰ ਕਿਤੇ ਖਲੋਣ ਜੋਗਾ ਨਹੀਂ ਛੱਡਣਗੇ।

ਸਮਾਂ ਅੱਜ ਕਲ੍ਹ ਅਕਲ ਦਾ ਹੈ, ਅਕਲ ਤੇ ਵਿਦਿਆ ਪ੍ਰਧਾਨ ਹੈ। ਉਹ ਅਕਲ ਪ੍ਰਧਾਨ ਹੈ ਜੋ ਕੇਵਲ ਅੱਖਾਂ ਨਾਲ ਦਿਸਣ ਵਾਲੀਆਂ ਚੀਜ਼ਾਂ ਤੱਕ ਕੁੱਕੜ-ਉਡਾਰੀ ਨਾਲ ਉੱਡ ਸਕਦੀ ਹੈ, ਉਹ ਵਿਦਿਆ ਪ੍ਰਧਾਨ ਹੈ ਜੋ ਕੇਵਲ ਦ੍ਰਿਸ਼ਟਮਾਨ ਪਦਾਰਥਾਂ ਦਾ ਗਿਆਨ ਸਿਖਾਲਦੀ ਹੈ ਅਰ ਦਿਸਦੇ ਪਦਾਰਥਾਂ ਤੋਂ ਅੱਗੇ ਨਹੀਂ ਜਾ ਸਕਦੀ। ਸੋ ਤੇਰੀ ਹਰ ਗੱਲ ਉਤੇ ਹੁੱਜਤ ਪੜ੍ਹੀ ਜਾਏਗੀ, ਤੇਰੇ ਨਾਲ ਮਖ਼ੌਲ ਕੀਤਾ ਜਾਏਗਾ, ਤੇਰੇ ਪਿਆਰ ਨੂੰ ਪੈਰਾਂ ਤਲੇ ਰੋਲਿਆ ਜਾਏਗਾ, ਤੇਰੇ ਇਸ ਦਾਤਾ ਭਾਵ ਵਾਲੇ ਤੇ ਨਿਸ਼ਕਾਮ ਸੇਵਾ ਦੇ ਹੁਲਾਸ ਪਰ ਗ਼ਲਤ ਫ਼ਹਿਮੀਆਂ ਫੈਲਾਈਆਂ ਜਾਣਗੀਆਂ, ਸੁੱਕੇ ਮੰਤਕ

 www.sikhbookclub.com

ਨਾਲ ਤੇਰੇ ਨਾਲ ਚਰਚਾ ਕੀਤੀਆਂ ਜਾਣਗੀਆਂ, ਅਰ ਤੈਨੂੰ ਚੁੱਪ ਕਰਾਇਆ ਜਾਏਗਾ, ਜੇ ਕਿਸੇ ਦਾ ਦਾਉ ਲਗ ਗਿਆ ਤਾਂ ਤੇਰਾ ਬੋ ਕਾਟਾ ਬੀ ਕੀਤਾ ਜਾਏਗਾ:-

ਨਾਮੀਆਂ ਪਰੇਮੀਆਂ ਤੇ ਸੱਚ ਦੇ ਪਿਆਰਿਆਂ ਨੂੰ,
ਜੱਗ ਸਦਾ ਨਿੰਦਿਆ ਦੇ ਨਾਲ ਰਿਹਾ ਛਾਣਦਾ।
ਜੀਅ-ਦਾਨ ਦਾਤਿਆਂ ਤੇ ਤਾਰਕਾਂ ਸੁਧਾਰਕਾਂ ਨੂੰ,
ਫਾਹੇ ਦੇਂਦਾ ਰਿਹਾ ਜੱਗ, ਵੈਰੀ ਬੁਰੇ ਜਾਣਦਾ।
ਇਕੋ ਰੱਬ ਆਸਰਾ ਸੀ ਇਨ੍ਹਾਂ ਨੇਕ ਬੰਦਿਆਂ ਦਾ,
ਓੜਕ ਪ੍ਰਤਿਪਾਲਦਾ ਤੇ ਸਦਾ ਸੀ ਪਛਾਣਦਾ।
ਐਪਰ ਨ ਸੋਝੀ ਆਈ ਜੱਗ ਤਾਈਂ ਅਜੇ ਤੱਕ,
ਉਹੋ ਭੁੱਲ ਕਰਦਾ, ਸਦਾ ਦੁੱਖ ਹੀ ਠਾਣਦਾ।

ਦੇਖੋ ਸਭ ਤੋਂ ਵੱਡੇ ਜਗਤ-ਰਖਿਅਕ ਜੀ ਆਖਦੇ ਹਨ:-

**ਸੁਨ ਭੂਪਤ ਯਾ ਜਗਤ ਮਹਿ ਦੁਖੀ ਰਹਿਤ ਹਰਿ ਸੰਤ॥**
**ਅੰਤ ਲਹਤ ਹੈਂ ਮੁਕਤਿ ਫਲ ਪਾਵਤ ਹੈਂ ਭਗਵੰਤ॥੭॥**
(ਪਾ: ੧੦)

ਸਿੰਘ— ਇਹ ਸਭ ਸੱਚ ਆਪ ਨੇ ਦੱਸਿਆ ਹੈ। ਪਰ ਕੀ ਐਨੀਂ ਵਾਰ ਸੰਸਾਰ ਬਦਸਲੂਕੀਆਂ ਕਰਕੇ, ਮਗਰੋਂ ਦੇਖਕੇ ਕਿ ਅਸੀਂ ਗ਼ਲਤੀ ਕੀਤੀ ਸੀ, ਪਛੁਤਾ ਕੇ, ਸਿੱਧੇ ਰਸਤੇ ਨਹੀਂ ਆਇਆ ਕਿ ਇਨ੍ਹਾਂ ਲੋਕਾਂ ਦੇ ਪ੍ਰੇਮ ਨੂੰ ਤੱਕੇ ਤੇ ਕਸ਼ਟ ਨਾ ਦੇਵੇ? ਜਿਹੜੀ ਗਲਤੀ ਇਕ ਵੇਰੀ ਕਰੀਏ ਉਹ ਫੇਰ ਨਹੀਂ ਕਰੀਦੀ, ਪਰ ਜਗਤ ਇਹ ਭੁੱਲ ਮੁੜ-ਮੁੜ ਕਰਦਾ ਹੈ, ਸੁਮਤਿ ਨਹੀਂ ਸਿੱਖਦਾ! ਫੇਰ ਦੇਖਣ ਵਿਚ ਆਉਂਦਾ ਹੈ ਕਿ ਜ਼ਿੰਦਗੀ ਵਿਚ ਜਿਨ੍ਹਾਂ ਮਹਾਂ ਪੁਰਸ਼ਾਂ ਨੂੰ ਸੰਸਾਰ ਨੇ ਕਸ਼ਟ ਦਿੱਤੇ, ਮਾਰਿਆ, ਸਤਾਇਆ, ਮਗਰੋਂ ਉਹਨਾਂ ਨੂੰ ਉਪਕਾਰੀ ਮੰਨਿਆ। ਗੁਰੂ, ਅਵਤਾਰ, ਪੈਗੰਬਰ, ਪੀਰ, ਸੰਤ, ਮਹਾਂਪੁਰਖ, ਮਹਾਤਮਾ, ਕਵੀ, ਕਲਾਵਾਨ, ਫਕੀਰ ਤਸਲੀਮ ਕੀਤਾ ਤੇ ਗਰਦਨ ਝੁਕਾਈ, ਉਨ੍ਹਾਂ ਦੇ ਜੀਵਨ ਲਿਖੇ,ਮੰਦਰ ਬਣਾਏ, ਬੁੱਤ ਖੜੇ ਕੀਤੇ, ਯਾਦਾਂ ਥਾਪੀਆਂ ਹਨ।


www.sikhbookclub.com

ਸਾਈਂ— ਠੀਕ ਹੈ, ਪਰ ਫੇਰ ਜਦ ਕੋਈ ਮਹਾਂ ਪੁਰਖ, ਕੋਈ ਗੁਰਮੁਖ, ਕੋਈ ਪਿਆਰ ਵਾਲਾ, ਕੋਈ ਫ਼ਕੀਰ, ਸਾਧ ਨੇਕ ਮੱਤ ਜਾਂ ਨੇਕ ਸਲਾਹ ਦੇਣ ਵਾਲਾ ਗੁਣਵਾਨ ਜਾਂ ਸਿੱਖ ਸਮਝਾਉਣ ਲੱਗਾ ਉਸ ਨੂੰ ਉਸੇ ਤਰ੍ਹਾਂ ਸਤਾਇਆ, ਬੁਰਾ ਜਾਣਿਆ, ਨਿੰਦਿਆ,ਦਲਿਆ, ਮਲਿਆ, ਤਬਾਹ ਕੀਤਾ, ਆਪਣੀ ਵਲੋਂ ਉਸ ਦੀ ਅਲਖ ਚੁਕਾ ਦਿੱਤੀ। ਪਰ ਕਲਾਵਾਨਾਂ ਦੀ ਮਿੱਟੀ ਦੀਆਂ ਸੂਰਨ-ਕਣੀਆਂ ਮਗਰੋਂ ਚਮਕ ਉਠੀਆਂ, ਉਨ੍ਹਾਂ ਦੇ ਸੱਚ ਨੇ ਲਾਸਾ ਛੱਡੀਆਂ, ਉਨ੍ਹਾਂ ਦੇ ਨਿਸ਼ਕਾਮ ਪ੍ਰੇਮ ਨੇ ਦਮਕ ਦਿੱਤੀ ਅਰ ਸੰਸਾਰ ਨੇ ਮੰਨਿਆ ਕਿ ਉਹ ਮਹਾਂ ਪੁਰਸ਼ ਸੇ, ਕਲਾਵਾਨ ਸੇ,ਪਰ ਫੇਰ ਜਦ ਕਦੇ ਉਹੋ ਜਾਂ ਉਹੋ ਜਿਹੇ ਦਰਸ਼ਨ ਹੁੰਦੇ ਹਨ, ਤਾਂ ਫੇਰ ਉਹੋ ਗ਼ਲਤੀ ਸੰਸਾਰ ਕਰਦਾ ਹੈ। ਇਹ ਇਕ ਐਸਾ ਕੋਈ ਸਬਕ ਹੈ ਕਿ ਸੰਸਾਰ ਨੇ ਪੁਰਾਣੇ ਸਮਿਆਂ ਤੋਂ ਪੜ੍ਹਨਾ ਸ਼ੁਰੂ ਕੀਤਾ, ਪਰ ਅਜੇ ਤਾਈਂ ਪਕਾਇਆ ਨਹੀਂ।

ਸਿੰਘ— ਮੇਰਾ ਜੀ ਕੁਝ ਢਹਿ ਰਿਹਾ ਹੈ, ਫੇਰ ਕਿਉਂ ਨਾ ਇਸ ਸੰਸਾਰ ਨੂੰ ਰੁੜ੍ਹਨ ਦਿਤਾ ਜਾਵੇ ਅਰ ਆਪਣੇ ਕੀਤੇ ਦਾ ਫਲ ਪਾਉਣ ਦਿੱਤਾ ਜਾਵੇ।

ਸਾਈਂ— ਨਾ, ਐਸਾ ਨਹੀਂ ਵਿਚਾਰਨਾ, ਮਹਾਂ ਪੁਰਖਾਂ ਦਾ ਇਹ ਦੁਖ ਝੱਲ ਕੇ ਫੇਰ ਸੰਸਾਰ-ਰਖਿਆ ਦਾ ਜਤਨ ਕਰਨਾ, ਇਸੇ ਦਾ ਨਾਮ ਤਾਂ ਸ਼ਿਕਾਮ ਪ੍ਰੇਮ ਹੈ। ਓਹ ਪੂਰੇ ਭਾਂਡੇ ਦੁਖ ਸਹਿ ਕੇ, ਨਿੰਦੇ ਜਾ ਕੇ, ਦਲੇ ਜਾ ਕੇ ਫੇਰ ਹੋਕਰੇ ਦੇਂਦੇ ਹਨ, ਪੁਕਾਰਦੇ ਹਨ, ਸਮਝਾਉਂਦੇ ਹਨ ਤੇ ਮੱਤਾਂ ਦੇਂਦੇ ਹਨ। ਇਕ ਫਾਹੇ ਲਟਕ ਕੇ ਆਉਂਦਾ ਹੈ, ਦੂਜਾ ਜਾਣ ਨੂੰ ਟੁਰ ਪੈਂਦਾ ਹੈ। ਇਹ ਉਹਨਾਂ ਦੀ ਭਲਿਆਈ ਹੈ, ਓਹ ਜਾਣਦੇ ਹਨ ਸੰਸਾਰ ਮਾਇਆ ਵਿਚ ਹੈ, ਅਗਿਆਨੀ ਹੈ, ਮੂਰਖ ਹੈ, ਮਿੱਟੀ ਦੀ ਅੱਖ ਤੋਂ ਅਗੇਰੇ ਨਹੀਂ ਤੱਕਦਾ, ਇਸ ਨੂੰ ਮੱਤ ਦੇਣੀ ਹੀ ਚਾਹੀਏ, ਇਸ ਦੀ ਮੂਰਖਤਾ ਤੇ ਬਦਸਲੂਕੀ ਵੱਲ ਨਹੀਂ ਤੱਕਣਾ ਚਾਹੀਏ, ਆਪਣੇ ਮਾਲਕ ਦੇ ਹੁਕਮ ਵੱਲ ਤੱਕਣਾ ਚਾਹੀਏ, ਜੋ ਆਪਣੇ ਪਿਆਰੇ ਬੰਦਿਆਂ ਨੂੰ ਕਦੇ ਗੁਰੂ, ਕਦੇ ਅਵਤਾਰ, ਕਦੇ ਗੁਰਮੁਖ, ਕਦੇ ਫ਼ਕੀਰ, ਕਦੇ ਮਤ-ਦਾਤੇ, ਕਦੇ ਕਵਿ, ਕਦੇ ਕਲਾ ਕੌਸ਼ਲ ਵਾਲੇ, ਕਦੇ ਪੂਰੇ ਸਿੱਖ ਕਰ ਕੇ ਘੱਲਦਾ ਹੈ ਕਿ ਜਾਓ ਮੱਤ ਦਿਓ, ਜਾਓ ਜੀਅ-ਦਾਨ ਦਿਓ ਅਰ ਇਸ ਦੇ ਬਦਲੇ ਦੁਖ ਤੇ ਖੇਦ ਲੈ ਕੇ ਆਓ?

ਸਿੰਘ— ਇਸ ਵਿਚ ਸਾਈਂ ਨੂੰ ਕੀ ਸੁਆਦ ਹੈ ਕਿ ਆਪਣਿਆਂ ਨੂੰ ਦੁਖਾਂ ਵਿਚ ਪਾਉਂਦਾ ਤੇ ਖੁਸ਼ ਹੁੰਦਾ ਹੈ?


www.sikhbookclub.com

ਸਾਈਂ— ਇਸ ਵਿਚ ਸਾਈਂ ਦਾ ਅਪਾਰ ਪ੍ਰੇਮ ਹੈ, ਸ੍ਰਿਸ਼ਟੀ ਨਾਲ ਅਸਗਾਹ ਪਿਆਰ ਹੈ। ਉਨ੍ਹਾਂ ਨੂੰ, ਜੋ ਉਸ ਦੇ ਆਪਣੇ ਹਨ, ਨੇਕੀ ਲਈ ਘੱਲਦਾ ਹੈ, ਕਿਉਂਕਿ ਉਨ੍ਹਾਂ ਵਿਚ ਨਿਸ਼ਕਾਮ ਨੇਕੀ ਕਰਨ ਦਾ ਮਾਦਾ ਹੈ ਅਰ ਦੁਖ ਪਾ ਕੇ ਸੁਖ ਦੇਣ ਦਾ ਗੁਣ ਹੈ। ਓਹ ਦਾਤੇ ਪਦ ਦੇ ਲੋਕ ਹਨ।

ਦੂਸਰੇ ਜੋ ਰੱਬ ਦੇ ਸਿਮਰਨ ਪਿਆਰ ਵਿਚ ਪੈਂਦੇ ਹਨ, ਉਨ੍ਹਾਂ ਨੂੰ ਜੋ ਦੁਖ, ਕਲੇਸ਼, ਨੇਕੀ ਦੇ ਬਦਲੇ ਬਦੀਆਂ ਮਿਲਦੀਆਂ ਹਨ, ਉਨ੍ਹਾਂ ਦੀ ਸੁਰਤ ਵਧੇਰੇ ਪੱਕਦੀ ਹੈ। ਜਿਉਂ ਜਿਉਂ ਉਨ੍ਹਾਂ ਦੇ ਮੁਕਾਬਲੇ ਪੈਂਦੇ ਹਨ ਓਹ ਢਹਿੰਦੇ ਨਹੀਂ, ਤਿਉਂ ਤਿਉਂ ਉਨ੍ਹਾਂ ਦੀ ਸੁਰਤ, ਉੱਚੀ, ਮਜ਼ਬੂਤ ਤੇ ਬਲਵਾਨ ਹੁੰਦੀ ਜਾਂਦੀ ਹੈ। ਉਨ੍ਹਾਂ ਦੀ ਸੁਰਤ ਨੂੰ ਘੋਲ ਪੈਂਦੇ ਹਨ, ਓਹ ਘੁਲਦੇ ਹਨ। ਘੋਲ ਨਾਲ ਤਾਕਤ ਵਧਦੀ ਹੈ। ਜਦ ਓਹ ਜਤਨ ਅਰ ਵਾਹਿਗੁਰੂ ਦੀ ਮਿਹਰ ਨਾਲ ਜਿੱਤਦੇ ਹਨ ਤਾਂ ਸੁਖੀ ਹੁੰਦੇ ਹਨ। ਜਿੱਤ ਸਦਾ ਰਸਦਾਇਕ ਹੁੰਦੀ ਹੈ। ਇਉਂ ਸੰਸਾਰ ਦਾ ਦਿਤਾ ਕਸ਼ਟ ਵਾਹਿਗੁਰੂ ਆਪਣੇ ਪਿਆਰਿਆਂ ਲਈ ਉੱਨਤੀ ਤੇ ਤਰੱਕੀ ਦੀ ਪੌੜੀ ਬਣਾ ਦਿੰਦਾ ਹੈ। ਦੁਨੀਆਂ ਵਿਚ ਜੋ ਆਦਮੀ ਅਖਾੜੇ ਜਾ ਕੇ ਘੁਲਦਾ ਨਹੀਂ ਤੇ ਘੁਲਦਾ ਹੋਇਆ ਢਾਣ ਦਾ ਜਤਨ ਨਹੀਂ ਕਰਦਾ ਓਹ ਕਦੇ ਮਜ਼ਬੂਤ ਨਹੀਂ ਹੋਇਆ। ਇਸੇ ਤਰ੍ਹਾਂ ਜਿਸ ਸੁਰਤ ਨੂੰ ਮੁਕਾਬਲੇ ਨਹੀਂ ਪਏ, ਜਿਸ ਨੇ ਕਸ਼ਟਾਂ ਦੇ ਸਾਹਮਣੇ ਉੱਚੇ ਰਹਿਣ ਦੇ ਜ਼ੋਰ ਨਹੀਂ ਲਾਏ, ਉਹ ਸਦਾ ਉਚੇ ਰਹਿਣ ਵਿਚ ਪੱਕਦੀ ਨਹੀਂ। ਸੱਜਣਾ! ਘਬਰਾ ਨਹੀਂ, ਜੋ ਸ੍ਰਿਸ਼ਟੀ ਨੂੰ ਬਚਾਉਣ ਦਾ ਪਿਆਰ ਉਪਜਿਆ ਹੈ ਤਾਂ ਕੁਰਬਾਨੀ ਲਈ ਬੀ ਤਿਆਰ ਰਹੁ।

ਸਿੰਘ— ਭਲਾ ਜੀ! ਸੁਰਤ ਜੇ ਸੰਸਾਰ ਦੀ ਉਸਤਤਿ ਨਿੰਦਿਆ ਦੇ ਮੁਕਾਬਲੇ ਕਰਦੀ ਢਹਿ ਗਈ, ਉਹਨੇ ਤਾਂ ਹਾਰ ਖਾ ਕੇ ਕਮਜ਼ੋਰੀ ਪਾਈ, ਪਰ ਜੋ ਮੁਕਾਬਲਿਆਂ ਵਿਚ ਜਿੱਤ ਨਿਕਲੀ ਉਸ ਵਿਚ ਤਾਂ ਲੜਾਈਆਂ ਦੇ ਸੰਸਕਾਰ ਤੇ ਜਿੱਤ ਦੀ ਹਉਮੈ ਵਾਸਾ ਪਾ ਜਾਏਗੀ, ਉਹ ਨਿਰਮਲ ਕਿਸ ਤਰ੍ਹਾਂ ਹੋ ਜਾਏਗੀ ਤੇ ਸਹਜ ਵਿਚ ਕੀਕੂੰ ਜਾਏਗੀ?

ਸਾਈਂ— ਭੋਲਿਆ! ਮੈਂ 'ਨਾਮ' ਵਾਲੀਆਂ ਸੁਰਤਾਂ ਦੀ ਗੱਲ ਕੀਤੀ ਹੈ, ਜੋ ਸੁਰਤਾਂ ਨਾਮ ਤੋਂ ਗ਼ਾਫ਼ਲੀ ਤੇ ਵਿਸਾਰੇ ਵਿਚ ਹਨ, ਉਨ੍ਹਾਂ ਦੀ ਗੱਲ ਤਾਂ ਮੈਂ ਨਹੀਂ ਕੀਤੀ। ਗ਼ਾਫ਼ਲੀ ਤੇ ਵਿਸਾਰਾ ਤਾਂ ਰਹਿੰਦਾ ਹੀ ਹਉਮੈ ਵਿਚ ਹੈ, ਨਿਰੀ ਹਉਂ ਦੀ ਟੇਕ ਵਾਲੇ ਦੇ ਘੋਲ ਦੇ ਯਤਨ ਹਉਮੈ ਵਿਚ ਹਨ, ਉਸ

ਦੀਆਂ ਨੇਕੀਆਂ ਤੇ ਆਖੇ ਸਦਾਚਾਰ ਦੀਆਂ ਟੇਕਾਂ ਹਉਂ ਪਰ ਹਨ, ਉਹ ਕਰਦਾ ਹੈ ਤੇ ਆਕੜਦਾ ਹੈ ਅਰ ਜਣਾਉਂਦਾ ਹੈ। ਉਸ ਦਾ ਕੀਤਾ ਹਉਮੈ ਨੂੰ ਅਰਪਨ ਹੁੰਦਾ ਹੈ, ਹਉਮੈ ਹੋਰ ਪਲਦੀ ਹੈ। ਉਸ ਦੇ ਹਰ ਕੰਮ ਦਾ 'ਮੁਖ' ਪ੍ਰਯੋਜਨ ਮਨ ਹੈ; ਉਹ ਤਾਂ 'ਮਨਮੁਖ' ਹੈ। ਪਰ ਜੋ ਪੁਰਖ ਭਲਿਆਈ ਕਰਦਾ ਹੈ, ਇਸ ਕਰਕੇ ਕਰਦਾ ਹੈ ਕਿ ਉਸ ਨੂੰ ਗੁਰੂ ਦਾ ਹੁਕਮ ਹੈ ਤੇ ਕਰਕੇ ਗੁਰੂ ਨੂੰ ਅਰਪਦਾ ਹੈ, ਉਹਦੀ ਸੁਰਤ ਦਾ ਮੂੰਹ ਗੁਰੂ ਵਲ ਹੈ, ਉਹ ਤਾਂ 'ਗੁਰਮੁਖ' ਹੈ। ਪਰ ਐਸਾ ਪੁਰਖ ਹੁੰਦਾ ਹੀ ਨਾਮ ਵਾਲਾ ਹੈ, ਤਿਸ ਦੀ ਟੇਕ ਆਪਣੇ ਕੇਂਦਰ ਗੁਰੂ ਵਾਹਿਗੁਰੂ ਉਤੇ ਹੁੰਦੀ ਹੈ, ਉਹ ਹਉਂ ਨਹੀਂ ਧਾਰਦਾ। ਜੋ ਜੋ ਕੁਛ ਕਰਦਾ ਹੈ ਆਪਣੇ ਮਨ ਮੰਦਰ ਦੇ ਧੁਰ ਅੰਦਰ ਆਤਮਕ ਭਾਵ ਵਿਚ ਵਾਹਿਗੁਰੂ ਨੂੰ ਟੇਕ ਬਣਾ ਕੇ -ਕੇਂਦਰ ਬਣਾ ਕੇ - ਕਰਦਾ ਹੈ, ਉਸ ਦੀ ਸੁਰਤ ਇਸ ਆਸਰੇ ਮਜ਼ਬੂਤ ਹੁੰਦੀ ਹੈ, ਉਸ ਦੀ ਸੁਰਤ ਹਉਂ ਰਹਿਤ ਚੜ੍ਹਦੀਆਂ ਕਲਾਂ ਵਿਚ ਜਾਂਦੀ ਹੈ, ਕੋਈ ਸੰਸਕਾਰ, ਕੋਈ ਕਰਮਾਂ, ਖ਼ਿਆਲਾਂ ਵਾਕਾਂ ਦੇ ਨਕਸ਼ ਉਸ ਦੀ ਸੁਰਤ ਵਿਚ ਚਿੱਤ੍ਰਤ ਨਹੀਂ ਹੁੰਦੇ, ਕਿਉਂਕਿ ਅਠ ਪਹਿਰ ਦਾ ਸਿਮਰਨ ਕਿਸੇ ਨਕਸ਼ ਨੂੰ ਸੁਰਤ ਵਿੱਚ ਖੁੱਭਣ ਨਹੀਂ ਦੇਂਦਾ, ਸਭ ਕੁਝ ਓਪਰਾ ਓਪਰਾ ਲੰਘਾ ਦੇਂਦਾ ਹੈ।

ਸਿੰਘ— ਨਿਸ਼ਕਾਮ ਤੇ ਨਿਰਵਾਸ ਕਰਮਾਂ ਦਾ ਕਰਨਾ ਇਹੋ ਗੱਲ ਹੈ ਕਿ ਉਹ ਕੋਈ ਹੋਰ ਖੇਡ ਹੈ?

ਸਾਈਂ— ਜੀ ਹਾਂ, ਜਿਸ ਦੀ ਟੇਕ ਵਾਹਿਗੁਰੂ ਪਰ ਹੈ, ਜਿਸ ਦੇ ਸਾਰੇ ਕਰਮ ਵਾਹਿਗੁਰੂ ਅਰਪਨ ਹਨ, ਜੋ ਕੁਛ ਕਰਦਾ ਹੈ ਆਪਨੇ ਮਾਲਕ ਦੇ ਪਰਨੇ ਹੋ ਕੇ, ਉਸਦੀ ਓਟ ਤੇ ਆਸਰੇ ਹੋ ਕੇ ਕਰਦਾ ਤੇ ਉਸੇ ਨੂੰ ਸਮੁਪਦਾ ਹੈ, ਉਸੇ ਨੂੰ ਨਿਸ਼ਕਾਮ ਕਰਮੀ ਕਹਿ ਲਓ, ਭਗਤ ਕਹਿ ਲਓ, ਚਾਹੇ ਪ੍ਰੇਮੀ ਕਹਿ ਲਓ, ਉਹ ਅਸਲ ਉਪਕਾਰੀ ਹੈ। ਜੋ ਉਪਕਾਰ ਕਰਦਾ ਹੈ, ਪਰ ਹਉਂ ਨਹੀਂ ਕਰਦਾ, ਫਲ ਨਹੀਂ ਚਾਹੁੰਦਾ:-

**ਕਰਮ ਕਰਤ ਹੋਵੈ ਨਿਹਕਰਮ॥**
**ਤਿਸੁ ਬੈਸਨੋ ਕਾ ਨਿਰਮਲ ਧਰਮ॥**

(ਗਉ:ਸੁਖ:ਮ:੫, ਪੰਨਾ-੨੭੪)

ਸਿੰਘ— ਜੋ ਹਉਮੈਂ ਤੋਂ ਨਹੀਂ, ਪਰ ਦਿਲੋਂ ਹਉਂ ਅਤੀਤ ਹੋ ਕੇ ਗੁਰੂ ਅਰਪਨ ਕੰਮ ਕਰਦੇ ਹਨ, ਓਹਨਾਂ ਦੇ ਅੰਦਰ ਕਿਉਂ ਕਰਮਾਂ ਦੇ ਨਕਸ਼ੇ ਨਹੀਂ ਚਿੱਤ੍ਰਿਤ ਹੁੰਦੇ?

ਸਾਈਂ— ਜਿੱਥੇ ਵਗਦਾ ਪਾਣੀ ਹੋਵੇ ਉਥੇ ਕੋਈ ਸ਼ੈ ਨਹੀਂ ਅਟਕਦੀ, ਸਭ ਰੁੜ੍ਹ ਜਾਂਦੀ ਹੈ; ਤਿਵੇਂ ਅੱਠ ਪਹਿਰ ਨਾਮ ਵਿਚ ਲੱਗੀ ਸੁਰਤ ਹਰ ਕਰਮ ਦੇ ਨਕਸ਼ ਨੂੰ ਰੋੜ੍ਹੀ ਜਾਂਦੀ ਹੈ, ਅੰਦਰ ਨੀਯਤ ਗੁਰੂ ਦੀ ਹੈ, ਗੁਰੂ ਦਾ ਹੁਕਮ ਜਾਣ ਕੇ ਕੰਮ ਕਰਦਾ ਹੈ, ਇਸ ਕਰਕੇ 'ਮੈਂ' ਵਿਚ ਪਕੜ ਪੈਂਦੀ ਨਹੀਂ, ਤੇ ਕਰਮ ਕਰਨ ਦਾ ਜੋ ਪ੍ਰਤਿਬਿੰਬ ਮਨ ਪਰ ਪੈਂਦਾ ਹੈ ਕਿ ਮੈਂ ਕੀਤਾ ਹੈ, ਉਸ ਨੂੰ ਨਾਮ ਦਾ ਪ੍ਰਵਾਹ ਰੋੜ੍ਹ ਲਿਜਾਂਦਾ ਹੈ ਤੇ ਉਸ ਦੀ ਆਪਣੀ ਸੁਰਤ ਆਪਣੇ ਗੁਰੂ ਨਾਲ ਸੰਜੋਗਤ ਰਹਿੰਦੀ ਹੈ। ਜਿਸ ਦੇ ਅਰਪਨ ਉਹ ਕਰਮ ਕਰਦਾ ਹੈ, ਕਰਮਾਂ ਯਾ ਕਰਮਾਂ ਦੇ ਪ੍ਰਤਿਬਿੰਬ ਵਿਚ ਪਕੜ ਨਹੀਂ ਖਾਂਦੀ।

ਸਿੰਘ— ਫੇਰ ਮੈਂ ਲੋਕਾਂ ਨੂੰ ਸਮਝਾਵਾਂ?

ਸਾਈਂ— ਸਤਸੰਗ ਦੀ ਟੇਕ ਲੈ ਕੇ। ਇਹ ਆਸਰਾ ਹੋਵੇਗਾ ਤਾਂ ਬਚੇਂਗਾ। ਇਹ ਕੰਮ ਉਨ੍ਹਾਂ ਦੇ ਕਰਨ ਦਾ ਹੈ ਜਿਨ੍ਹਾਂ ਦੇ ਸਿਰ ਤੇ ਦ੍ਰਿਸ਼ਜ ਅਦ੍ਰਿਸ਼ਜ ਸਤਸੰਗ ਹੈ, ਜਿਨ੍ਹਾਂ ਨੂੰ ਸੰਸਾਰ ਵਿਚ ਸਤਿਸੰਗ ਪ੍ਰਾਪਤ ਹੈ, ਜਿਸ ਨੂੰ ਜਪਨਾ-ਰਸਵਾਲਾ ਜਪਨਾ-ਪ੍ਰਾਪਤ ਹੈ, ਐਸਾ ਜੋ ਕੋਈ ਹੋਵੇ ਫੇਰ ਜਪੇ ਤੇ ਜਪਾਵੇ, ਉਸ ਦੀ ਮਹਿੰਮਾ ਇਹ ਕਹੀ ਹੈ:-

**ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ**
**ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥**
(ਗਉੜੀ ਵਾਰ ਮ: ੪, ਪੰਨਾ-੩੦੬)

ਸਭ ਉਪਕਾਰਾਂ ਤੇ ਨੇਕੀਆਂ ਤੋਂ ਵੱਡਾ ਉਪਕਾਰ ਤੇ ਨੇਕੀ ਇਹ ਹੈ।

ਸਿੰਘ— ਇਕ ਗੱਲ ਹੋਰ ਪੁੱਛਣੀ ਹੈ।

ਸਾਈਂ— ਪੁੱਛੋ!

ਸਿੰਘ— ਗੁਰਮੁਖ ਜੀ! ਜੋ ਮਾੜੀਆਂ ਪਰੀਤਾਂ ਵਿਚ ਆਏ, ਜੋ ਮਾੜੇ ਕਰਮਾਂ ਵਾਲੇ ਆਏ, ਉਨ੍ਹਾਂ ਦੀ ਜੋ ਗਤੀ ਇਥੇ ਹੁੰਦੀ ਹੈ, ਆਪ ਨੇ ਮੈਨੂੰ ਦਿਖਾ ਦਿੱਤੀ ਹੈ ਤੇ ਗੁਰ ਪ੍ਰਮਾਣ ਸੁਣਾਏ ਹਨ, ਸੋ ਮੇਰੇ ਦਿਲ ਵਿਚ ਨਿਸਚਾ ਹੋ ਗਿਆ ਹੈ, ਪਰ ਜੋ ਨਾਮ ਦੇ ਰਸੀਏ ਲੋਕ ਆਉਂਦੇ ਹਨ, ਉਨ੍ਹਾਂ ਦਾ ਕੀ ਹਾਲ ਹੁੰਦਾ ਹੈ?

 www.sikhbookclub.com

ਸਾਈਂ— **ਨਾਮ ਤੇਰੇ ਕੀ ਮੁਕਤੇ ਬੀਥੀ**
**ਜਮ ਕਾ ਮਾਰਗੁ ਦੂਰਿ ਰਹਿਆ॥੧॥**
(ਆਸਾ ਮ: ੫, ਪੰਨਾ-੩੯੩)

ਜੋ ਨਾਮ ਜਪਦੇ ਹਨ, ਉਹ ਮੁਕਤ ਦੀ ਗਲੀ - ਮੁਕਤ ਰਸਤੇ - ਅਰਥਾਤ ਖੁਲ੍ਹੇ ਸੁਤੰਤ੍ਰ, ਕਰਮਾਂ ਦੀ ਕੈਦ ਤੋਂ ਰਹਤ ਰਸਤੇ ਜਾਂਦੇ ਹਨ ਅਤੇ ਹਉਮੈ ਵਾਲੇ ਜਮ ਦੇ ਰਸਤੇ (ਅਰਥਾਤ 'ਰੋਕ ਵਾਲੇ ਰਸਤੇ') ਜਾਂਦੇ ਹਨ। ਰੋਕ ਕਾਹਦੀ? ਆਪਣੇ ਕੀਤੇ ਕਰਮਾਂ ਦੀ, ਆਪ ਆਪਣੇ ਉਦਾਲੇ ਉਸਾਰੀ ਕੂੜ ਦੀ ਕੰਧ (ਪਾਲ) ਦੀ। ਉਹ ਜੋ ਇਸ ਕੈਦ ਵਾਲੇ ਰਸਤੇ ਜਾਂਦੇ ਹਨ 'ਯਮ ਦੇ ਰਾਹ' ਜਾਂਦੇ ਕਹੀਦੇ ਹਨ, ਪਰ ਜੋ ਨਾਮ ਵਾਲੇ ਹਨ 'ਮੁਕਤੇ ਬੀਥੀ' ਆਜ਼ਾਦੀ=(ਸੁਤੰਤ੍ਰਤਾ) ਦੇ ਰਸਤੇ ਜਾਂਦੇ ਹਨ:-*

**ਜਿਹ ਪੈਡੈ ਲੂਟੀ ਪਨਿਹਾਰੀ॥**
**ਸੋ ਮਾਰਗੁ ਸੰਤਨ ਦੂਰਾਰੀ॥**
(ਆਸਾ ਮ: ੫, ਪੰਨਾ-੩੯੩)

ਨਾਮ ਵਾਲੇ ਸੁਤੰਤਰ ਹੁੰਦੇ ਹਨ, ਇੱਕਲੇ ਨਹੀਂ ਹੁੰਦੇ, ਉਨ੍ਹਾਂ ਨੂੰ ਆਪਣੀ ਸੁਰਤ ਦੀ ਉਚਿਆਣ ਦੇ ਦਰਜੇ ਦਾ ਸਤਿਸੰਗ ਪ੍ਰਾਪਤ ਹੁੰਦਾ ਹੈ, ਉਥੇ ਸੁਖ ਤੇ ਟਿਕਾਉ ਹੁੰਦਾ ਹੈ। ਵਾਹਿਗੁਰੂ ਸਿਰ ਤੇ ਹੁੰਦਾ ਹੈ। ਉਨ੍ਹਾਂ ਦਾ ਟਿਕਾਣਾ ਇਹ ਹੈ:-

**ਡਡਾ ਡੇਰਾ ਇਹੁ ਨਹੀ ਜਹ ਡੇਰਾ ਤਹ ਜਾਨੁ॥**
**ਉਆ ਡੇਰਾ ਕਾ ਸੰਜਮੋ ਗੁਰ ਕੈ ਸਬਦਿ ਪਛਾਨੁ॥**
**ਇਆ ਡੇਰਾ ਕਉ ਸ੍ਰਮੁ ਕਰਿ ਘਾਲੈ॥**
**ਜਾ ਕਾ ਤਸੂ ਨਹੀ ਸੰਗਿ ਚਾਲੈ॥**
**ਉਆ ਡੇਰਾ ਕੀ ਸੋ ਮਿਤਿ ਜਾਨੈ॥**
**ਜਾ ਕਉ ਦ੍ਰਿਸਟਿ ਪੂਰਨ ਭਗਵਾਨੈ॥**

---

* "ਯਮ ਮਾਰਗ" = ਰੋਕ ਵਾਲਾ ਰਸਤਾ।
"ਮੁਕਤੇ ਬੀਥੀ= ਸੁਤੰਤ੍ਰਤਾ ਵਾਲੀ ਗਲੀ।

**ਡੇਰਾ ਨਿਹਚਲੁ ਸਚੁ ਸਾਧਸੰਗ ਪਾਇਆ॥**
**ਨਾਨਕ ਤੇ ਜਨ ਨਹ ਡੋਲਾਇਆ॥੨੯॥**
ਗਉੜੀ ਬਾ: ਅਖਰੀ ਮ:੫, ਪੰਨਾ-੨੫੬)

ਅਪਣੇ ਅਪਣੇ ਟਿਕਾਉ ਅਨੁਸਾਰ ਸੁਰਤ ਸੁਖ ਤੇ ਬਿਸ੍ਰਾਮ ਵਿਚ ਹੁੰਦੀ ਹੈ।

ਪਰ ਇਕ ਗੱਲ ਯਾਦ ਰੱਖੀਂ ਭਾਈ! ਜਿਉਂ ਜਿਉਂ ਤੂੰ ਲੋਕਾਂ ਨੂੰ ਜਾ ਕੇ ਕਹੇਂਗਾ ਕਿ ਮੈਂ 'ਪਾਰਿਵਾਰ' ਹੋ ਆਇਆ ਹਾਂ, ਕਿ ਮੈਂ ਮਰ ਕੇ ਦੇਖ ਆਇਆ ਹਾਂ, ਅੱਗੇ ਜਾ ਕੇ ਇਹ ਇਹ ਹਾਲ ਹੁੰਦੇ ਹਨ, ਤਿਉਂ ਤਿਉਂ ਲੋਕ ਤੈਨੂੰ ਮਖ਼ੌਲ ਕਰਨਗੇ। ਸਮਾਂ ਪੱਛਮੀ ਵਿਦਿਆ ਦਾ ਹੈ, ਜਿਸ ਦੀ ਟੇਕ ਹਉਂ ਪਰ, ਜੋ ਬੜੀ ਤਰੱਕੀ ਕਰ ਗਈ ਹੈ, ਪਰ ਅਸ਼ਾਂਤੀ ਵਧਾ ਰਹੀ ਹੈ ਤੇ ਵੈਰ ਵਿਰੋਧ ਤਰੱਕੀ ਕਰ ਰਹੇ ਹਨ ਅਰ ਡਰ ਹੈ ਕਿ ਪਰਸਪਰ ਟਕਰਾ ਹੋਣਗੇ ਅਰ ਇਹ ਤਰੱਕੀ ਨਸ਼ਟ ਕਰਨਗੇ। ਵਿਦਿਆ ਮਾੜੀ ਸ਼ੈ ਨਹੀਂ, ਪਰ ਹਉਂ ਭਰੀ ਵਿਦਿਆ ਦਾ ਅੰਤ ਪਰਸਪਰ ਲੜਨਾ ਤੇ ਖਹਿ ਖਹਿ ਮਰਨਾ ਹੋਇਆ ਕਰਦਾ ਹੈ।

ਸਿੰਘ— ਪਰ ਜੀ ਸਭ ਕੁਝ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜੁ ਲਿਖਿਆ ਹੈ। ਮੇਰਾ ਕੀਹ ਹੈ?

ਸਾਈਂ— ਸੱਚ ਸੱਚ ਹੈ, ਪਰ ਉਨ੍ਹਾਂ ਨੂੰ ਜੋ ਦ੍ਰਿਸ਼ਟਮਾਨ ਦੀ ਵਿਦਿਆ ਪਾ ਜਾਂਦੇ ਹਨ- ਐਨਾ ਮਾਨ ਹੋ ਜਾਂਦਾ ਹੈ ਕਿ ਉਹ 'ਦ੍ਰਿਸ਼ਟਾ ਦੀ ਵਿਦਿਆ' ਨੂੰ ਕੁਛ ਚੀਜ਼ ਹੀ ਨਹੀਂ ਜਾਣਦੇ, ਪਦਾਰਥਾਂ ਦੀਆਂ ਤਾਂ ਸਾਇੰਸਾਂ ਖੋਜ ਰਹੇ ਹਨ, ਪਰ ਜੇ ਕਹੋ ਕਿ ਇਨ੍ਹਾਂ ਦੀ ਪਦਾਰਥਾਂ ਨੂੰ ਦੇਖਣ ਵਾਲੇ ਇਨ੍ਹਾਂ ਦੀ ਖੋਜ ਕਰਨ ਵਾਲੇ ਅੰਦਰ ਬੈਠੇ ਦ੍ਰਿਸ਼ਟਾ ਜੀ (ਆਪਣੇ ਆਪੇ) ਦੀ ਵਿਦਿਆ ਬੀ ਹੋਣੀ ਜ਼ਰੂਰੀ ਹੈ, ਤਾਂ ਹੱਸ ਪੈਂਦੇ ਹਨ। ਹੈ ਕਿ ਨਹੀਂ ਅੰਧੇਰ? 'ਦੀਸਣ ਹਾਰ' ਦੀ ਸਾਇੰਸ ਦੇ ਕਾਇਲ ਹਨ ਤੇ ਖੋਜਾਂ ਕਰਦੇ ਹਨ, ਪਰ 'ਦੇਖਣ ਹਾਰ' ਸਾਇੰਸਾਂ ਖੋਜਣ ਵਾਲੇ ਦੀ ਆਪਣੀ ਸਾਇੰਸ ਵਲੋਂ ਮੂੰਹ ਫੇਰਦੇ ਹਨ! ਹੈ ਕਿ ਨਹੀਂ ਮੂਰਖਤਾ? ਪਰ ਕਰਨ ਕੀ, ਉਨ੍ਹਾਂ ਨੂੰ ਹਉਂ ਬਹੁਤ ਹੈ। ਵਿਦਿਆ ਜੋ ਸਤਿਸੰਗ ਤੋਂ ਬਿਨਾਂ ਹੁੰਦੀ ਹੈ ਉਹ ਅਕਸਰ ਮਾਇਕ ਉੱਨਤੀ ਵਲ ਲੈ ਜਾਂਦੀ ਹੈ ਤੇ ਮਾਇਕ ਉੱਨਤੀ ਹਿੰਦੁਸਤਾਨ ਦੀ ਅੰਤ ਕੌਰਵਾਂ ਪਾਂਡਵਾਂ ਨੇ ਪਰਸਪਰ ਜੂਝ ਕੇ ਖੈ ਕੀਤੀ, ਤਿਵੇਂ ਪੱਛਮ ਵਿਚ ਹੁਣ ਜੋ ਕੁਝ ਹੋ ਰਿਹਾ

 www.sikhbookclub.com

ਹੈ ਅੰਤ ਆਪੇ ਵਿਚ ਖਹੇਗਾ। ਸੋ ਬੀਬਾ! ਤੇਰੀ 'ਦ੍ਰਿਸ਼ਟਾ ਜੀ ਦੀ ਵਿਦਿਆ' ਨੂੰ ਟਿਚਕਰਾਂ ਹੋਣਗੀਆਂ, ਸੰਭਲ ਕੇ ਕੰਮ ਕਰੀਂ। ਇਕ ਤਾਂ ਆਪਣਾ ਉਪਦੇਸ਼ ਕਰੀ ਜਾਈਂ, ਉਸਤਤਿ ਨਿੰਦਿਆ, ਮਾਨ ਹਾਨੀ ਤੋਂ ਡਰੀਂ ਨਾ, ਸਹਿਨਸ਼ੀਲਤਾ ਰੱਖੀਂ। ਪੱਛਮੀ ਵਿਦਿਆ ਵੀ ਕੁਝ ਸਮਝਕੇ ਲੋਕਾਂ ਨਾਲ ਉਨ੍ਹਾਂ ਦੀ ਮੱਤ ਵਿਚ ਪੈ ਜਾਣ ਵਾਲੇ ਤਰੀਕੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ ਸਿਖਾਵੀਂ। ਜੇ ਕਦੇ ਤੂੰ ਇਕ ਨਰਕ ਜਾਂਦੀ ਆਤਮਾਂ ਦਾ ਰੁਖ਼ ਸਚੇ ਮਾਰਗ ਨੂੰ ਮੋੜ ਦਿੱਤਾ ਤੇ ਆਪ ਸਲਾਮਤ ਰਿਹੋਂ ਤਾਂ ਜਨਮ ਸਫਲਾ ਜਾਣੀ। ਕਰੁਝੀਂ ਨਾ ਪਿਆ ਕਿ ਮੈਂ ਸਾਰੇ ਜਗਤ ਨੂੰ ਕਿਉਂ ਨਹੀਂ ਤਾਰ ਲਿਆ! ਫਿਰ ਹੋਰ ਖਿਆਲ ਇਕ ਰੱਖੀਂ, 'ਐਸਾ ਨਾ ਹੋਵੇ ਕਿ ਤੂੰ ਸੇਵਾ ਉਪਕਾਰ, ਜਥੇਬੰਦੀਆਂ, ਵਿਚ ਪੈ ਕੇ ਐਸਾ ਉਲਝੇਂ ਕਿ ਆਪ ਬੀ ਸਿਮਰਨ ਵਿਚ ਢਿੱਲਾ ਹੋ ਜਾਵੇਂ'। ਆਪਣਾ ਪਾਰ ਉਤਾਰਾ ਹੀ ਕਠਨ ਹੈ ਤੇ ਲੋਕਾਂ ਦਾ ਭਾਰ ਚਾਣ੍ਹਾ ਤਾਂ ਬੜਾ ਭਾਰਾ ਦੁਸ਼ਤਰ ਕੰਮ ਹੈ:-

**ਕਬੀਰ ਭਾਰ ਪਰਾਈ ਸਿਰਿ ਚਰੈ ਚਲਿਓ ਚਾਹੈ ਬਾਟ॥**
**ਅਪਨੇ ਭਾਰਹਿ ਨਾ ਡਰੈ ਆਗੈ ਅਉਘਟ ਘਾਟ॥੮੯॥**
(ਸਲੋਕ ਕਬੀਰ ਜੀ ਪੰਨਾ ੧੩੬੯)

ਆਪਣੇ ਮਨ ਤੇ ਪਹਿਰਾ ਰੱਖੀਂ, ਪਕੜ ਨਹੀਂ ਖਾਣੀ। ਆਪ ਜਪਣਾ ਇਹ ਮੁੱਖ ਕੰਮ ਹੈ, ਰਸ ਵਾਲਾ ਜਪਣਾ ਇਹ ਮੁੱਖ ਕੰਮ ਹੈ:-

**ਨਾਮ ਤੁਲਿ ਕਛੁ ਅਵਰੁ ਨ ਹੋਇ॥**
**ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ॥**
(ਗਉ: ਸੁਖ: ਮ: ੫, ਪੰਨਾ-੨੬੫)

ਪੁਨਾ:-

**ਬਿਖੈ ਬਨੁ ਫੀਕਾ ਤਿਆਗਿ ਰੀ ਸਖੀਏ ਨਾਮੁ ਮਹਾ ਰਸੁ ਪੀਓ॥**
**ਬਿਨੁ ਰਸ ਚਾਖੇ ਬੁਡਿ ਗਈ ਸਗਲੀ ਸੁਖੀ ਨ ਹੋਵਤ ਜੀਓ॥**
(ਬਿਲਾਵਲ ਮ: ੫, ਪੰਨਾ-੮੦੨)

ਇਉਂ ਜਪਦਿਆਂ ਜਪਾਵੀਂ। ਜਪਾਂਦਿਆਂ ਆਪ ਰੁੜ੍ਹਨ ਲਗੋਂ ਤਾਂ ਲਾਂਭੇ ਹੋ ਜਾਵੀਂ। ਫੇਰ ਰਸ ਵਾਲੇ ਜਾਪ ਵਿਚ ਆ ਕੇ ਫੇਰ ਜਪਾਵੀਂ। ਫੇਰ ਉਲਝਨ

 www.sikhbookclub.com

ਪਵੇ ਫੇਰ ਲਾਂਭੇ ਹੋ ਜਾਵੀਂ, ਨਹੀਂ ਤਾਂ ਫਸਿਆ ਬੁਰਾ ਸੱਟਾਂ ਖਾਂਦਾ ਹੈ। ਅਕਸਰ ਨਾਮੀ ਲੋਕ ਪਾਪਾਂ ਵਿਚ ਨਹੀਂ ਡਿਗ ਕੇ ਫਸਦੇ, ਉਹ ਹਉਂ ਭਰੇ ਪਰਉਪਕਾਰਾਂ ਵਿਚ ਫਸੇ ਇਤਨਾ ਆਤਮ ਬਲ ਖਰਚ ਕਰਦੇ ਹਨ ਕਿ ਫਿਰ ਫਾਥੇ ਛੁੱਟਦੇ ਨਹੀਂ ਤੇ ਰੂਹ ਤਬਾਹ ਕਰ ਲੈਂਦੇ ਹਨ, ਫੇਰ ਨਾ ਜਪਣ ਜੋਗੇ ਰਹਿੰਦੇ ਹਨ ਨਾ ਜਪਾਉਣ ਜੋਗੇ; ਤਾਹੀਓਂ ਹੁਕਮ ਹੈ:-

**ਜੋ ਕੋਊ ਅਪੁਨੀ ਓਟ ਸਮਾਰੈ॥**
**ਜੈਸਾ ਬਿਤੁ ਤੈਸਾ ਹੋਇ ਵਰਤੈ**
**ਅਪੁਨਾ ਬਲੁ ਨਹੀ ਹਾਰੈ॥੧॥ਰਹਾਉ॥**
(ਧਨਾ:ਮ:੫, ਪੰਨਾ-੬੭੯)

ਸੋ ਜਪੀਂ ਤੇ ਜਪਾਈਂ, ਪਰ ਸਾਵਧਾਨ ਰਹਿ ਕੇ ਸਿਖੀ ਦੇ ਤਰੀਕੇ ਅਨੁਸਾਰ ਟੁਰੀਂ। ਦੂਸਰੇ ਮਤਾਂ ਦੀ ਰੀਸੇ ਟੁਰ ਕੇ ਕਲੇਸ਼ ਪੈਦਾ ਨਾ ਕਰੀਂ।

ਸਿੰਘ— ਸੱਤ ਬਚਨ ਮਹਾਰਾਜ ਜੀ! ਪਰ ਮੇਰੇ ਸਿਰ ਤੇ ਹੱਥ ਰੱਖੋਗੇ?

ਸਾਈਂ— ਹਾਂ ਬਈ, ਤੇਰੇ ਸਿਰ ਤੇ ਹੱਥ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੋਵੇਗਾ। ਮੈਂ ਕੌਣ ਹਾਂ, ਜਿਨ੍ਹਾਂ ਦੇ ਸਤਿਸੰਗ ਵਿਚ ਤੂੰ ਨਾਮ ਦਾ ਰਸਿਆ ਹੋਇਆ ਹੈਂ, ਉਹ ਸਤਿਗੁਰੂ ਦੇ ਪਿਆਰੇ ਪਰਵਾਨ ਸਿੱਖ ਹਨ ਤੇ ਜਿਕੂੰ ਭੌਰੇ ਕੌਲ ਫੁੱਲਾਂ ਪਰ ਆਸ਼ਕ ਹਨ ਤਿੱਕੁਰ 'ਹਰਿਜਨ' ਨਾਮ ਰਸੀਆਂ ਪਰ ਮੋਹਤ ਹਨ! ਨਾਮ ਰਸੀਏ ਸਿੱਖ, ਕੀ ਏਥੇ, ਕੀ ਸੰਸਾਰ ਵਿਚ, ਪਰਸਪਰ ਪਿਆਰ ਨਾਲ ਪ੍ਰੋਤੇ ਹੋਏ ਹੁੰਦੇ ਹਨ, ਉਨ੍ਹਾਂ ਦੁਆਲੇ ਰਸੀਏ ਘੁੰਮਰ ਪਾਉਂਦੇ ਹਨ। ਪਰ ਦੇਖ! ਹਰਿ ਜਨ ਪ੍ਰਭਾਵ ਪਾਉਂਦੇ ਹਨ, ਪਰ ਕਿਸੇ ਦੀ 'ਮਰਜ਼ੀ ਦੀ ਸੁਤੰਤਰਤਾ' ਨੂੰ ਕੈਦ ਨਹੀਂ ਪਾਉਂਦੇ। 'ਨੇਕੀ ਬਦੀ ਦੀ ਚੋਣ' 'ਅਪਣੇ ਲਈ ਫੈਸਲੇ ਕਰਨਾ ਕਿ ਮੈਂ ਆਹ ਕਰਾਂ ਕਿ ਆਹ' ਇਸ ਬੰਦੇ ਨੂੰ ਰੱਬ ਨੇ ਮਨੁਖਤਾਈ ਦਾ ਹੱਕ ਬਖਸ਼ਿਆ ਹੈ, ਮਨੁੱਖ ਨੂੰ ਰੱਬ ਨੇ 'ਸੁਰਤਿ ਮਤਿ ਮਨ' ਦੇ ਦਰਜੇ ਤੋਂ ਲੰਘਾ ਕੇ 'ਬੁਧੀ' ਦੇ ਦਰਜੇ ਤੇ ਅਪੜਾਇਆ ਹੈ, 'ਬੁਧਿ ਸ਼ੀਲ' ਜੀਵ ਨੂੰ 'ਚੋਣ ਦੀ ਸੁਤੰਤਰਤਾ' ਜ਼ਰੂਰੀ ਦਾਤ ਹੈ, ਨਹੀਂ ਤਾਂ ਬੁੱਧੀ ਸੁਖਦਾਤੀ ਨਹੀਂ ਰਹਿੰਦੀ, ਇਸ ਲਈ ਵਾਹਿਗੁਰੂ ਨੇ 'ਬੁਧੀ' ਤੇ ਚੋਣ ਦੀ ਖੁਲ੍ਹ ਦੋ ਦਾਤਾਂ ਮਨੁੱਖ ਨੂੰ ਦਿੱਤੀਆਂ ਹਨ। ਮਨੁੱਖ ਤੋਂ ਹੇਠਲੇ ਜੀਵਾਂ ਨੂੰ 'ਚੋਣ ਦੀ ਸੁਤੰਤਰਤਾ' ਤੇ 'ਬੁਧ' ਨਹੀਂ ਹੈ, ਸੋ ਮਨੁੱਖ ਦੀ ਇਹੀ ਸਰਦਾਰੀ ਹੈ ਕਿ


www.sikhbookclub.com

ਉਹ ਜੋ ਚਾਹੇ ਚੁਣੇ ਤੇ ਕਰੇ, ਇਸ ਸਰਦਾਰੀ ਨੂੰ ਜੇ ਠੀਕ ਨਾ ਵਰਤੇ ਤਾਂ ਜ਼ਿੰਮੇਵਾਰੀ ਬੀ ਭਾਰੀ ਹੈ। ਸੋ ਹਰਿਜਨ ਜਿਨ੍ਹਾਂ ਨੂੰ ਪਿਆਰ ਕਰਦੇ ਹਨ ਉਨ੍ਹਾਂ ਨੂੰ ਆਤਮ ਪ੍ਰਭਾਵ ਤੇ ਸਹਾਇਤਾ ਜ਼ਰੂਰ ਦੇਂਦੇ ਹਨ ਪਰ ਉਨ੍ਹਾਂ ਦੀ ਸੁਤੰਤਰਤਾ ਵਿਚ ਦਖ਼ਲ ਨਹੀਂ ਦੇਂਦੇ, ਇਹ ਗੱਲ ਸਾਫ਼ ਸਮਝ ਲੈਣੀ। ਸੋ ਗੁਰੂ ਪਿਆਰੇ ਸਿੱਖ ਜੀ: ਜਾਓ ਹੁਣ ਜਗਤ ਵਿਚ, ਹੋਸ਼ ਕਰੋ ਤੇ ਉਹ ਗੁਰਸਿੱਖ ਬਣੋਂ ਜੋ ਆਪ ਜਪਦੇ ਤੇ ਹੋਰਨਾਂ ਨੂੰ ਜਪਾਉਂਦੇ ਹਨ।


www.sikhbookclub.com

# ੪. ਮੌਲਾ ਦੀ ਸੋਹਣੀ

ਸਿੰਘ ਜੀ ਦੀ ਹੁਣ ਜਾਗ ਖੁਲ੍ਹੀ, ਸੁੱਕੇ ਹੋਏ ਕੱਖਾਂ ਦੀ ਸੇਜ ਪਰ ਪਏ ਹਨ, ਉੱਪਰ ਕੱਖਾਂ ਦੀ ਕੁੱਲੀ ਦੀ ਛੱਤ ਪਈ ਹੈ, ਜਿਸ ਦੀਆਂ ਲਾਂਭੇ ਦੀਆਂ ਵਿੱਥਾਂ ਥਾਣੀਂ ਸੂਰਜ ਦੀ ਧੁੱਪ ਅੰਦਰ ਕਿਤੇ ਕਿਤੇ ਪੈ ਰਹੀ ਹੈ। ਆਪ ਦੇ ਸਰੀਰ ਦਾ ਕੱਪੜਾ ਕੋਈ ਗਿੱਲਾ ਨਹੀਂ, ਖੱਦਰ ਦਾ ਕੱਛਾ ਕੁੜਤਾ ਪਿਆ ਹੈ, ਉਤੇ ਚਾਦਰ ਹੈ, ਪਰ ਹਨ ਇੱਕਲੇ। ਆਪ ਨੇ ਪਾਸਾ ਹਿਲਾ ਕੇ ਡਿੱਠਾ, ਤਾਂ ਸਰੀਰ ਨਿਤਾਣਾ ਹੈ, ਉਂਵ ਖੇਚਲ ਕੋਈ ਨਹੀਂ। ਹੱਥ ਪੈਰ ਟੋਹੇ, ਚੂੰਢੀਆਂ ਭਰ ਕੇ ਡਿੱਠਾ, ਤਸੱਲੀ ਹੋ ਗਈ ਕਿ ਸਰੀਰ ਵਿਚ ਜੀਉਂ ਰਿਹਾ ਹਾਂ, ਮਰ ਨਹੀਂ ਗਿਆ ਹਾਂ। ਪਾਸ ਕੋਈ ਨਹੀਂ, ਪਰ ਬਾਹਰੋਂ ਕਿਸੇ ਦੇ ਗਾਉਣ ਦੀ ਅਵਾਜ਼ ਆ ਰਹੀ ਹੈ:-

ਵਾਹ ਵਾਹ ਵੇ ਕਰਮਾਂ ਫੇੜਿਆ, ਮੁੜ ਮੁੜ ਹਿਠਾਹਾਂ ਗੇੜਿਆ!
ਕਿਹਾ ਸਾਫ਼ ਸੀ ਮਨ ਹੋ ਗਿਆ, ਗਿਆ ਫਸ ਕੁਵੱਲੇ ਵਾੜਿਆ!
ਹਾਇ ਹਾਇ ਨੀ ਹੋਣੀ ਡਾਢੀਏ, ਕਰ ਦਏਂ ਤੂੰ ਮੀਰੀ ਫਾਡੀਏ।
ਹਾਇ ਹਾਇ ਹੈਂ ਅੱਗੇ ਆ ਗਿਆ, ਜੋ ਕਰਮ ਬੀ ਸੀ ਲਾ ਗਿਆ!
ਸੌਂ ਗਿਆ ਹੈਂ ਵੈਰਾਗ ਹੈ? ਮਨ ਉਲਝਿਆ ਵਿਚ ਰਾਗ ਹੈ?
ਹਾਇ ਹਾਇ ਤਿਆਗ ਓ ਮਿਤ੍ਰਾ! ਕਿਥੇ ਤੂੰ ਹੋ ਗਿਓਂ- ਤਿੱਤਰਾ?
ਹਾਇ ਯਾਰ ਤੂੰ 'ਅਭਜਾਸ' ਵੇ! ਕਰ ਜਾਏਂ ਅਸਾਂ ਨਿਰਾਸ ਵੇ?
ਪੁਗ ਪਈ ਚੰਗੀ ਨਰਦ ਸੀ, ਫਿਰ ਪਈ ਕੱਚੀ, ਗਰਦ ਕੀ?
ਏ ਬ੍ਰਿੱਛ ਸਦਾ ਨ ਰਹਸੀਆ, ਨਹੀਂ ਵਾਉ ਠੰਡੀ ਵਹਿਸੀਆ।
ਏ ਜੰਤ ਕੱਠੇ ਰਹਿਣ ਨਾ, ਏ ਸਦਾ ਰਲ ਕੇ ਬਹਿਣ ਨਾ।
ਕੋਈ ਸੱਦ ਅਮਰੀ ਆਵਸੀ, ਤੇ ਨਾਲ ਫੜ ਲੈ ਜਾਵਸੀ।

ਦਸ ਦਸ ਮਨਾ ਓ ਪਿਆਰਿਆ! ਤੇਰੀ ਭੁੱਲ ਤੋਂ ਜੀ ਵਾਰਿਆ!
ਦੱਸ ਆਣ ਕੌਣ ਛੁਡਾਵਸੀ, ਤੇ ਬਾਕੀਆਂ ਚੌਕਾਵਸੀ?
ਦਮ ਦਮ ਦਾ 'ਸਿਮ੍ਰਨ' ਤੁਰ ਗਿਆ? 'ਗੁਰ ਧਜਾਨ' ਕੀ ਹੈ ਖੁਰ ਗਿਆ?
'ਲਿਵ' ਪੌੜੀਓਂ ਹਥ ਛੁਡਕਿਆ? 'ਜੀਅਦਾਨ' ਕਿਣਕਾਂ ਕੁੜਕਿਆ?
'ਲਿਵ' ਗਈ ਤ੍ਰਿਸ਼ਨਾ ਆਈਆ? ਲਲ ਲਾਲਸਾ ਵਿਚ ਲਾਈਆ?
ਦੇ 'ਧਜਾਨ ਰੁਲੀਆ ਸੁਰਤ ਮਨ!' 'ਜੀਅ ਕਣੀ' ਤੁਰੀਆ ਤੁਰਤ ਮਨ!
ਤੇਰੇ ਕੰਮ ਕਿਸੇ ਨ ਆਵਣਾ, ਨਹਿਂ ਤੀਆ ਪਾਰ ਲੰਘਾਵਣਾ।
ਓਥੇ ਪੁੱਤ ਨੇ ਨ ਛੁਡਾਵਣਾ, ਨਹੀਂ ਧੀਆਂ ਆਨ ਤਰਾਵਣਾ।
ਜਦੋਂ ਆਣ ਗਲੀਆਂ ਭੀੜੀਆਂ, ਜਦ ਲੜਨ ਛਾਤੀ ਕੀੜੀਆਂ,
ਦਸ ਕੌਣ ਹੋਊ ਯਾਰ ਵੇ? ਆ ਕਰੂ ਬੇੜੇ ਪਾਰ ਵੇ?
ਆ ਜਾਇ ਬਾਰ ਬਿਰਾਨੜੀ, ਜਦ ਹੁੰਮਸਾਂ ਜਿੰਦ ਰਾਨੜੀ,
ਜਦ ਧੁੰਮਸਾਂ ਜੀ ਘੋਪਿਆ, ਜਦ ਘੁੱਟ ਨੇ ਜੀ ਓਪਿਆ,
ਜਦ ਕੂਕ ਕੂਕਾਂ ਆਈਆਂ, ਵਿਰਲਾਪ ਘੇਰੇ ਪਾਈਆਂ,
ਤਦ ਕੌਣ ਬੇਲੀ ਹੋਵਸੀ, ਦੁਖ ਆਣ ਤੇਰਾ ਖੋਵਸੀ?
ਜਦ ਆਣ ਤਲਬਾਂ ਪੈਣੀਆਂ, ਜਦ ਬਾਕੀਆਂ ਕਢ ਲੈਣੀਆਂ,
ਜਦ ਆਕੀਆਂ ਨੂੰ ਘਾਲਣਾ, ਤਦ ਕੌਣ ਕਰਸੀ ਪਾਲਣਾ?
ਹਾਇ ਹਾਇ ਵੇ ਮਨੂਏ ਭੁੱਲਿਆ! ਹਾਇ ਹਾਇ ਵੇ ਮਨੂਏ ਰੁੱਲਿਆ!
ਕਰ ਹੋਸ਼ ਵੇਲਾ ਹੈ ਅਜੇ, ਤੂੰ ਮੋੜ ਪਾਸਾ ਲੈ ਅਜੇ,
ਕਰ ਯਾਦ ਹਰਦਮ ਰੱਬ ਨੂੰ, ਛਡ ਦੇਹ ਦਿਲਾਂ ਦੇ ਕੱਬ ਨੂੰ,
ਕਰ ਅੱਜ ਲੇਖੇ ਪਾਰ ਵੇ, ਫਿਰ ਹੋਇੰ ਨਾ ਦੁਖਿਆਰ ਵੇ,
ਲਦ ਖੇਪ ਸਿਮਰਨ ਨਾਮ ਦੀ, ਦਮ ਦਮ ਹਰੀ ਹਰਿ ਧਿਆਨ ਦੀ,
ਹੋ ਜਾਇ ਬੇੜਾ ਪਾਰ ਵੇ, ਇਸ ਗ੍ਰਿਹਸਤ ਦੇ ਵਿਚਕਾਰ ਵੇ?
ਕੀ ਖਰਚ ਸਿਮਰੇਂ ਨਾਮ ਜੇ? ਕੀ ਹਰਜ ਸਿਮਰੇਂ ਨਾਮ ਜੇ?
ਕੀ ਬਿਪਤ ਸਿਮਰੇਂ ਨਾਮ ਜੇ? ਕੀ ਖਿਪਤ ਸਿਮਰੇਂ ਨਾਮ ਜੇ?
ਕੀ ਕਸ਼ਟ ਸਿਮਰੇਂ ਨਾਮ ਜੇ? ਕੀ ਨਸ਼ਟ ਸਿਮਰੇਂ ਨਾਮ ਜੇ?
ਕੀ ਦੁੱਖ ਸਿਮਰੇਂ ਨਾਮ ਜੇ? ਕੀ ਭੁੱਖ ਸਿਮਰੇਂ ਨਾਮ ਜੇ?
ਕੀ ਛੁਟੇ ਸਿਮਰੇਂ ਨਾਮ ਜੇ? ਕੀ ਟੁਟੇ ਸਿਮਰੇਂ ਨਾਮ ਜੇ?
ਕੀ ਮੁੱਲ ਤੇਰਾ ਲਗੇਂ ਜੇ? ਤੂੰ ਵਾਹਿਗੁਰੂ ਵਲ ਲਗੇਂ ਜੇ?

 www.sikhbookclub.com

ਗੁਰ ਨਹੀਂ ਨਾਨਕ ਜਿਹਾ ਵੇ? ਹੋਰ ਲਭਣਾ ਹੁਣ ਰਿਹਾ ਵੇ।
ਜਦ ਖੜਾ ਸਿਰ ਤੇ ਸੂਰਮਾ, ਨਾਨਕ ਗੁਰੂ ਹੈ ਪੂਰਮਾ,
ਬਾਂਹ ਅੱਡੀਆਂ ਗਲ ਲਾਣ ਨੂੰ, ਤੇ ਚਹੇ ਗੋਦੀ ਪਾਣ ਨੂੰ,
ਅਰ ਲਿਵ ਪ੍ਰਭੂ ਪਗ ਲਾਣ ਨੂੰ, ਜੀਅ-ਦਾਨ ਫੇਰ ਦਿਵਾਣ ਨੂੰ,
ਤੂੰ ਕਿਉਂ ਕਰੇਂ ਖਰਮਸਤੀਆਂ? ਵੇ ਕਿਉਂ ਕਰੇਂ ਅਲਮਸਤੀਆਂ?
ਆ ਸ਼ਰਨ ਸੂਰੇ ਗੁਰੂ ਦੀ, ਆ ਸ਼ਰਨ ਆਸਾ ਪੂਰੂ ਦੀ।
ਭਜ ਨਾਮ ਨਾਨਕ ਨਾਨਕੰ, ਕਹੁ: 'ਧੰਨ ਸਤਿਗੁਰ ਨਾਨਕੰ!'
ਕਹੁ: 'ਧੰਨ ਪਿਆਰਾ ਨਾਨਕੰ', 'ਕਹੁ ਧੰਨ ਨਿਆਰਾ ਨਾਨਕੰ!'
ਕਹੁ: 'ਧੰਨ ਕਰਤਾ ਨਾਨਕੰ', 'ਸਭ ਪਾਪ ਹਰਤਾ ਨਾਨਕੰ!'
ਕਹੁ: 'ਪ੍ਰੀਤਮੰ' ਗੁਰ ਨਾਨਕੰ, 'ਗੁਰ ਕੀਤਮੰ ਗੁਰ ਨਾਨਕੰ!'
ਕਹੁ: 'ਦੂਲਿਆ' ਗੁਰ ਨਾਨਕੰ! 'ਦਿਲ ਕੂਲਿਆ ਗੁਰ ਨਾਨਕੰ!'
ਕਹੁ: 'ਮਿੱਠਿਆ ਗੁਰ ਨਾਨਕੰ!' 'ਮਨ ਇੱਠਿਆ ਗੁਰ ਨਾਨਕੰ!'
ਕਹੁ: 'ਰੱਖ ਬਾਬਾ ਨਾਨਕਾ!' 'ਕਰ ਵਖ ਨਾ ਬਾਬਾ ਨਾਨਕਾ!'
ਕਹੁ: 'ਤਾਰ ਬਾਬਾ ਨਾਨਕਾ!' 'ਕਰ ਪਾਰ ਬਾਬਾ ਨਾਨਕਾ!'
ਕਹੁ: 'ਤੈਂਡੜਾ ਗੁਰ ਨਾਨਕਾ!' 'ਹਾਂ ਤੈਂਡੜਾ ਗੁਰ ਨਾਨਕਾ!'
'ਹਾਂ ਪਾਪੀਆ, ਪਰ ਤੈਂਡੜਾ!' 'ਹਾਂ ਸ੍ਰਾਪੀਆ, ਪਰ ਤੈਂਡੜਾ!'
'ਹਾਂ ਭੁਲਿਆ, ਪਰ ਤੈਂਡੜਾ।' 'ਹਾਂ ਰੁਲਿਆ ਪਰ ਤੈਂਡੜਾ।'
'ਹਾਂ ਫਾਥਿਆ, ਪਰ ਤੈਂਡੜਾ!' 'ਘੁਸ ਸਾਥਿਆ, ਪਰ ਤੈਂਡੜਾ!'
'ਓ ਤਾਰ ਮੈਨੂੰ ਨਾਨਕਾ!' 'ਤੂੰ ਤਾਰ ਬਾਬਾ ਨਾਨਕਾ!'
'ਹਾਂ ਤਾਰ ਸਤਿਗੁਰ ਨਾਨਕਾ!' 'ਵੇ ਤਾਰ ਗੁਰ ਗੁਰ ਨਾਨਕਾ!'
'ਜੀਓ ਤਾਰ ਰੱਬਾ ਨਾਨਕਾ!' 'ਕਰ ਪਾਰ ਅੱਬਾ ਨਾਨਕਾ!'
'ਮੈਂ ਭੁੱਲਿਆ, ਤੂੰ ਬਖਸ਼ ਲੈ!' 'ਰੁਲ ਚਲਿਆ, ਤੂੰ ਬਖਸ਼ ਲੈ!'
'ਤੂੰ ਬਖਸ਼ ਲੈ ਤੂੰ ਬਖਸ਼ ਲੈ!' 'ਤੂੰ ਬਖਸ਼ ਲੈ ਤੂੰ ਬਖਸ਼ ਲੈ!'
'ਹੇ ਕ੍ਰਿਪਾ ਸਿੰਧ ਆ ਵੱਸ ਜਾ!' 'ਇਸ ਡੋਲੇ ਹਿਰਦੇ ਧੱਸ ਜਾ!'
'ਆ ਵੱਸ ਜਾ ਗੁਰ ਵੱਸ ਜਾ!' 'ਆ ਰਿਦੇ ਮੇਰੇ ਵੱਸ ਜਾ!'
'ਆ ਵੱਸ ਜਾ ਨਿੱਤ ਵੱਸ ਜਾ!' 'ਕੋਈ ਮੱਤ ਐਸੀ ਦੱਸ ਜਾ!'
'ਕੋਈ ਬੁੱਧ ਐਸੀ ਰੱਸ ਜਾ!' 'ਜਿਤ ਪ੍ਰੀਤ ਤੇਰੀ ਧੱਸ ਜਾ!'
'ਹਾਂ ਪ੍ਰੀਤ ਡੂੰਘੀ ਧੱਜ ਜਾਂ!' 'ਜਿਸ ਵਿਚ ਸਾਰਾ ਫੱਸ ਜਾਂ!'

 www.sikhbookclub.com

'ਤੂੰ ਲਗੇਂ ਪਿਆਰਾ ਪਿਆਰੂਆ', 'ਹੇ ਓਪਰਾ ਸੰਸਾਰੂਆ।'
'ਦੇ ਪਿਆਰ ਅਪਨਾ ਪਿਆਰਿਆ!' 'ਦੇ ਪਿਆਰ ਰੱਬ ਸੁਆਰਿਆ!'
'ਕਰ ਦਾਤ ਮੈਨੂੰ ਪ੍ਰੇਮ ਦੀ', 'ਦੇ ਝਾਤ ਮੈਨੂੰ ਪ੍ਰੇਮ ਦੀ।'
'ਦੇ ਪ੍ਰੇਮ ਪ੍ਰੇਮਾਂ ਸੁਆਰਿਆ।' 'ਦੇ ਪ੍ਰੀਤ ਪ੍ਰੀਤਮ ਪਿਆਰਿਆ।'
'ਦੇ ਪਜਾਰ ਪਜਾਰਨ ਹਾਰਿਆ', 'ਦੇ ਹੁੱਬ ਹੁੱਬਾਂ ਤਾਰਿਆ!'
'ਪਾ ਖਿੱਚ ਕੋਈ ਕਟਕ ਦੀ', 'ਏ ਜਿੰਦ ਜਾਏ ਫਟਕਦੀ।'
'ਕੋਈ ਧਰੂਹ ਅਗਮੋਂ ਲਾਵਣੀ', 'ਧੂਹ ਲਏ ਧੂਹ ਲਗਾਵਣੀ।'
'ਕੋਈ ਛਿਕ ਲਾ ਕੇ ਕਾਲਜੇ', 'ਜਾਇ ਛਿੱਕਿਆ ਦਿਲ ਮਾਲ ਜੇ।'
'ਆਕਰਖ ਪਾ ਆਕਰਖ ਲੈ', 'ਕੋਈ ਪਾ ਤਣਾਵਾਂ ਰੱਖ ਲੈ।'
'ਪਾ ਡੋਰ ਪੱਕੀ ਖਿੱਚ ਲੈ', 'ਲਾ ਤਣੀ ਕਸਵੀਂ ਛਿੱਕ ਲੈ।'
'ਮੈਂ ਸਦਾ ਡਿੱਗਣ ਹਾਰ ਹਾਂ', 'ਮੈਂ ਸਦਾ ਟੁੱਟਣ ਹਾਰ ਹਾਂ।'
'ਮੈਂ ਹੇਠ ਜਾਵਣ ਹਾਰ ਹਾਂ, 'ਗਤਿ ਰੱਖਦਾ ਹਿਠਵਾਰ ਹਾਂ।'
'ਮੈਂ ਬੜਾ ਭਾਰਾ ਭਾਰ ਹਾਂ', 'ਨਿੱਤ ਜਾਂਵਦਾ ਡੂੰਘਾਰ ਹਾਂ।'
'ਕੋਈ ਹੁੱਕ ਹਿਰਦੇ ਚੋਭ ਦੇ, 'ਕੁੰਡੀ ਕਲੇਜੇ ਖੋਭ ਦੇ,
'ਕੁਈ ਔਂਕੜਾ ਚਿਤ ਵਾੜ ਦੇ, 'ਕੋਈ ਮੇਖ ਮੁੜਵੀਂ ਚਾੜ੍ਹ ਦੇ',
'ਫਿਰ ਤਾਰ ਪੱਕੀ ਪਾਇਕੇ', 'ਕੁਈ ਡੋਰ ਡਾਢੀ ਲਾਇਕੇ',
'ਰੱਸਾ ਕੁਈ ਫਿਰ ਕੱਸ ਕੇ', 'ਸੰਗਲ ਕੁਈ ਯਾ ਠੱਸ ਕੇ,
'ਕੁਈ ਖਿਚ ਤਣੀਵੀਂ ਵਾਲੜੀ', 'ਛਿਕ ਦੇ ਕਰਾਰੀ ਲਾਲੜੀ',
'ਫਿਰ ਖਿੱਚ ਐਸੀ ਲਾ ਦਿਓ', 'ਕਸ ਕਹਿਰ ਵਾਲੀ ਪਾ ਦਿਓ',
'ਟੁੱਟੇ ਨ ਤੋੜੀ ਓ ਤਣੀ', 'ਦੇਖਾਂ ਪਰੀਤੀ ਮੈਂ ਬਣੀ,'
'ਪ੍ਰੀਤਮ ਪਰੀਤੀ-ਹਾਂ-ਬਣੀ', 'ਪਿਆਰੇ ਪਰੀਤੀ ਜੀ ਬਣੀ',
'ਖਿੱਚ ਗੁਰੂ ਜੀ ਏ ਤਣੀ'। 'ਖਿਚ ਲਾ ਖਿੱਚੇਂਦੇ ਜਾਵਣਾ।'
'ਖਿੱਚ ਪਾ ਖਿਚੇਂਦੇ ਜਾਵਣਾ', 'ਵਿਚ ਖਿੱਚ ਹੀ ਦੇ ਸਮਾਵਣਾ,'
'ਏ ਖਿੱਚ ਹੋਵੇ ਆਵਣਾ', 'ਏ ਖਿੱਚ ਹੋਵੇ ਜਾਵਣਾ,'
'ਵਿਚ ਖਿੱਚ ਦੇ ਹੀ ਰਹਾਵਣਾ', 'ਬਿਨ ਖਿੱਚ ਨਾਹਿੰ ਦਿਸਾਵਣਾ।'
'ਤੂੰ-ਖਿੱਚ ਤੇਰੀ-ਖਿੱਚਣਾ', 'ਏ ਡੋਲ ਡੁੱਬਾ ਖਿੱਚਣਾ।'
'ਖਿੱਚ ਚਰਨ ਸ਼ਰਨ ਸਮਾਵਣਾ', 'ਇਹ ਦਾਸ ਪਾਸ ਰਹਾਵਣਾ।'


www.sikhbookclub.com

ਇਹ ਸੁਣਦਿਆਂ ਆਪ ਨੂੰ ਸੁਆਦ ਆ ਗਿਆ, ਮਨ ਜੁੜ ਗਿਆ, ਨਾਮ ਦਾ ਪਰਵਾਹ ਸਰੱਸ ਹੋ ਗਿਆ, ਅਰ ਕਿਤਨਾ ਚਿਰ ਮਗਨ ਰਹੇ। ਕੁਛ ਚਿਰ ਮਗਰੋਂ ਇਕ ਕੰਨਿਆਂ ਆਈ, ਬਾਕਰਾ ਦੁੱਧ ਇਕ ਛੰਨੇ ਵਿਚ ਗਰਮ ਗਰਮ ਲਿਆਈ ਤੇ ਸਿੰਘ ਹੁਰਾਂ ਨੂੰ ਪਿਲਾਇਆ। ਦੁੱਧ ਪੀ ਕੇ ਜੀਅ ਹੋਰ ਤਗੜਾ ਹੋਇਆ। ਕਾਕੀ ਨੂੰ ਪੁੱਛਣ ਲੱਗੇ- ਇਹ ਥਾਂ ਕੀ ਹੈ ਤੇ ਮੈਂ ਕਿੱਥੇ ਹਾਂ? ਕਾਕੀ ਨੇ ਕਿਹਾ- ਬਾਪੂ ਜੀ ਦਸਣਗੇ ਜਾਂ ਮਾਤਾ ਜੀ, ਮੈਨੂੰ ਕੇਵਲ ਦੁੱਧ ਪਿਲਾਉਣ ਦਾ ਹੁਕਮ ਹੈ, ਤੁਸੀਂ ਅਜੇ ਬੋਲੋ ਨਾ ਤਾਂ ਚੰਗਾ ਹੈ।

ਇਹ ਕਹਿ ਕੇ ਕਾਕੀ ਚਲੀ ਗਈ, ਕੋਈ ਲੌਢੇ ਕੁ ਵੇਲੇ ਕਾਕੀ ਫੇਰ ਦੁੱਧ ਲੈ ਕੇ ਆਈ, ਪਿਆ ਕੇ ਚਲੀ ਗਈ, ਪਰ ਗੱਲ ਬਾਤ ਕੋਈ ਨਹੀਂ ਕੀਤੀ। ਉਸ ਦੇ ਚਿਹਰੇ ਦੀ ਨਿਸ਼ਅਪ੍ਰਾਧ, ਸਫ਼ਾਈ, ਮੁਸਕ੍ਰਾਹਟ ਤੇ ਖੇੜਾ ਦਸਦਾ ਸੀ ਕਿ ਕੋਈ ਪਵਿੱਤ੍ਰ ਤੇ ਨੇਕ ਅਰ ਬੜੀ ਪ੍ਰਸੰਨ ਆਤਮਾ ਹੈ। ਰਾਤ ਆਈ, ਫੇਰ ਦੁੱਧ ਆਇਆ, ਦੁੱਧ ਦੇ ਨਾਲ ਇਕ ਪੁੜੀ ਦਵਾ ਦੀ ਆਈ। ਜੋ ਸਿੰਘ ਜੀ ਨੂੰ ਛਕਣੀ ਪਈ, ਦੁੱਧ ਪਿਲਾਉਣ ਵਾਲੀ ਪਿਲਾ ਕੇ ਚਲੀ ਗਈ। ਚੰਦ ਚੜ੍ਹ ਆਇਆ, ਕੱਖਾਂ ਦੀ ਕੁੱਲੀ ਵਿਚ ਚਾਂਦਨੀ ਦੀਆਂ ਰਿਸ਼ਮਾਂ ਪੈ ਰਹੀਆਂ ਹਨ; ਜਲ ਦੀਆਂ ਤਰੰਗਾਂ ਦੀ ਦੂਰੋਂ ਕਿਸੇ ਵੇਲੇ ਵਿਪਲ ਅਵਾਜ਼ ਆਉਂਦੀ ਹੈ, ਪਰ ਪਤਾ ਕੁਝ ਨਹੀਂ ਲਗਦਾ ਆਪ ਕਿੱਥੇ ਹਨ।

ਇਸ ਤਰ੍ਹਾਂ ਦੇ ਤ੍ਰੈ ਦਿਨ ਲੰਘੇ, ਆਪ ਉੱਠਣ ਬੈਠਣ ਲੱਗ ਪਏ। ਏਹੋ ਕਾਕੀ ਦੋ ਵੇਲੇ ਦੁੱਧ ਪਿਲਾ ਜਾਂਦੀ ਤੇ ਹੋਰ ਸੇਵਾ ਕਰ ਜਾਂਦੀ ਹੈ। ਹੁਣ ਸਿੰਘ ਹੁਰਾਂ ਵਿਚ ਕੁਛ ਫਿਰਨ ਤੁਰਨ ਦੀ ਤਾਕਤ ਹੋ ਆਈ। ਪੁਰਾਣੇ ਹੁਲਾਰੇ ਦੇ ਉਤਸ਼ਾਹ ਜਾਗ ਉਠੇ, ਕਿਸੇ ਕਿਸੇ ਵੇਲੇ ਪ੍ਰੇਮ ਵਿਚ ਆ ਕੇ ਸ਼ਬਦ ਗਾਉਂਦੇ ਹਨ, ਪਰ ਨਾਲ ਹੀ ਹੁਣ ਘਰ ਬਾਰ ਚੇਤੇ ਆਉਂਦੇ ਹਨ। ਜੰਵ ਬੀ ਚੇਤੇ ਆ ਗਈ, ਬੇੜੇ ਦਾ ਰੁੜ੍ਹਨਾ ਬੀ ਯਾਦ ਆ ਗਿਆ, ਮਲਾਹਾਂ ਨਾਲ ਚੱਪੇ ਲਾਉਣੇ ਤੇ ਮਦਦ ਕਰਨੇ ਦੀ ਸਿਮ੍ਰਤੀ ਆ ਗਈ, ਫੇਰ ਜਦ ਬੇੜਾ ਗਰਕਣ ਲੱਗਾ ਤਾਂ ਆਪਣਾ ਕੀਰਤਨ ਕਰ ਕੇ ਮਰਨਹਾਰਿਆਂ ਦੀ ਸੁਰਤ ਉੱਚੀ ਕਰਨ ਦੀ ਕੋਸ਼ਿਸ਼ ਬੀ ਧਿਆਨ ਵਿਚ ਆ ਗਈ ਤੇ ਅੰਤ ਰੁੜ੍ਹਨ ਵਾਲੇ ਲੋਕਾਂ ਦਾ ਹਾਲ ਪਾਹਰਿਆ ਤੇ ਆਪਣਾ ਲੋਕਾਂ ਲਈ ਜਤਨ ਤੇ ਆਪਣੇ ਲਈ ਬੇਪਰਵਾਹੀ ਖਿਆਲ ਵਿਚ ਆ ਗਈ, ਪਰ ਇਸ ਤੋਂ ਮਗਰੋਂ ਕੇਵਲ ਕੱਖਾਂ ਦੀ ਕੁੱਲੀ ਵਿਚ ਅੱਖ ਖੁਲ੍ਹਣ ਤੇ ਬਾਕਰੇ ਦੁੱਧ ਦੇ ਪੀਣ ਦੀ ਯਾਦ

 www.sikhbookclub.com

ਆਵੇ ਤੇ ਹੋਰ ਵਿਚਲੀ ਸਾਰੀ ਗੱਲ ਬਾਤ ਭੁੱਲ ਗਈ, ਉਹ ਇਕ ਯਾਦ ਵਿਚ ਖੱਪਾ ਜਿਹਾ ਦਿੱਸੇ।

ਅੱਜ ਸਿੰਘ ਹੁਰੀਂ ਰੌ ਵਿਚ ਆਏ, ਸਰੀਰ ਤਾਕਤ ਵਿਚ ਡਿੱਠਾ ਤੇ ਸੰਝ ਪੈਂਦੇ ਹੀ ਚੜ੍ਹਦੇ ਚੰਦ ਦੀ ਚਾਂਦਨੀ ਤੋਂ ਵਿਸਮਾਦ ਹੋਏ ਅਗਾਹਾਂ ਟੁਰੇ। ਕੁਝ ਦੂਰ ਜਾ ਕੇ ਕੀ ਦੇਖਦੇ ਹਨ ਕਿ ਇਕ ਸਿਲਾ ਹੈ, ਜੋ ਕੁਦਰਤੀ ਨਹੀਂ, ਪਰ ਬਣਾਈ ਗਈ ਹੈ, ਜਲ ਦੇ ਤਰੰਗ ਚੰਦ ਦੇ ਨੂਰ ਨਾਲ ਨੂਰੀ ਹੋਏ ਚਮਕਾਂ ਮਾਰਦੇ ਸਿਲਾ ਨਾਲ ਖਹਿ ਖਹਿ ਕੇ ਵਹਿ ਰਹੇ ਹਨ ਤੇ ਇਸ ਪਰ ਇਕ ਲੰਮੀ ਪਤਲੀ, ਬ੍ਰਿਧ, ਪਰ ਬ੍ਰਿਧਾਪਨ ਵਿਚ ਨੂਰੀ ਚਮਕਦੇ ਚਿਹਰੇ ਵਾਲੀ ਮਾਈ ਅਡੋਲ ਬੈਠੀ ਹੈ। ਹੱਥ ਵਿਚ ਕੋਈ ਅਤਿ ਪੁਰਾਣਾ ਸਰੰਦਾ ਹੈ, ਗਜ਼ ਤੇ ਉਂਗਲਾਂ ਫਿਰ ਰਹੀਆਂ ਹਨ, ਵਿਚੋਂ ਇਲਾਹੀ ਲਹਿਰੇ ਨਿਕਲ ਰਹੇ ਹਨ, ਪਰ ਦੇਵੀ ਦਾ ਬਾਕੀ ਸਰੀਰ ਸਿਲਾ ਵਾਂਙ ਹੀ ਅਡੋਲ ਤੇ ਅਚੱਲ ਬੈਠਾ ਜਾਪਦਾ ਹੈ। ਕੁਝ ਚਿਰ ਤਾਂ ਨਿਰੀ ਆਵਾਜ਼ ਆਈ, ਪਰ ਫੇਰ ਐਉਂ ਲੱਗੇ ਜੀਕੂੰ ਹਵਾ ਗਾਉਣ ਲੱਗ ਪਈ ਤੇ ਇਹ ਸ਼ਬਦ ਹੋਇਆ:-

**ਮੈਂ ਪੇਖਿਓ ਰੀ ਊਚਾ ਮੋਹਨੁ ਸਭ ਤੇ ਊਚਾ॥**
**ਆਨ ਨ ਸਮਸਰਿ ਕੋਊ ਲਾਗੈ ਢੂਢਿ ਰਹੇ ਹਮ ਮੂਚਾ॥੧॥ਰਹਾਉ॥**
**ਬਹੁ ਬੇਅੰਤੁ ਅਤਿ ਬਡੋ ਗਾਹਰੋ ਥਾਹ ਨਹੀ ਅਗਹੂਚਾ॥**
**ਤੋਲਿ ਨ ਤੁਲੀਐ ਮੋਲਿ ਨ ਮੁਲੀਐ ਕਤ ਪਾਈਐ ਮਨ ਰੂਚਾ॥**
**ਖੋਜ ਅਸੰਖਾ ਅਨਿਕ ਤਪੰਥਾ ਬਿਨੁ ਗੁਰ ਨਹੀ ਪਹੂਚਾ॥**
**ਕਹੁ ਨਾਨਕ ਕਿਰਪਾ ਕਰੀ ਠਾਕੁਰ**
**ਮਿਲਿ ਸਾਧੂ ਰਸ ਭੂੰਚਾ॥੨॥੧॥੩੨॥**
(ਦੇਵ ਗੰਧਾਰੀ ਮ:੫,ਪੰ:੫੩੪)

ਇਹ ਅਡੋਲ, ਟਿਕਾਵਾਂ ਤੇ ਸੁਹਾਉਣਾ ਸਮਾਂ, ਉਹ ਸਰੰਦੇ ਦਾ ਅਰਸ਼ੀ ਵੱਜਣ ਤੇ ਮਿੱਠੇ ਪਿਆਰੇ ਗਲੇ ਵਿਚੋਂ ਬੈਠਵੀਂ ਦੇਵਗੰਧਾਰੀ ਦੀ ਰਸਭਿੰਨੀ ਸੁਰ ਅੱਗੇ ਸਿੰਘ ਹੁਰੀਂ ਨਾਮ ਤੇ ਕੀਰਤਨ, ਦੁਹਾਂ ਦੇ ਰਸੀਏ, ਐਸੇ ਮੋਹਿਤ ਹੋਏ ਕਿ ਘੰਟਾ ਭਰ ਮਾਨੋਂ ਸਮਾਧਿ ਵਿਚ ਹੋ ਗਏ। ਘੰਟੇ ਬਾਅਦ ਉਠੇ ਤਾਂ ਜਲ ਵੀ ਵਹਿ ਰਿਹਾ ਸੀ, ਤਰੰਗ ਬੀ ਚਾਂਦਨੀ ਨਾਲ ਖੇਲ ਰਹੇ ਸੇ, ਪਰ ਉਹ ਮੋਹਨੀ ਮੂਰਤ ਗੁੰਮ ਸੀ। ਹੁਣ ਸਿੰਘ ਜੀ ਦੀ ਹੈਰਾਨੀ ਹੋਰ ਵਧੀ,

ਪਿਛਲੇ ਪੈਰੀ ਮੁੜੇ, ਆਪਣੀ ਕੁੱਲੀ ਵਿਚ ਆਏ, ਅੱਗੇ ਉਹੋ ਕੰਨਿਆਂ ਦੁੱਧ ਦਾ ਛੰਨਾ ਲੈ ਕੇ ਖੜੀ ਸੀ, ਆਪ ਨੇ ਦੁੱਧ ਪੀਤਾ, ਸ਼ੁਕਰ ਕੀਤਾ, ਫੇਰ ਪੁਛਿਆ ਕਿ ਮੈਂ ਕਿੱਥੇ ਹਾਂ ਤੇ ਜਲ ਦੇ ਕਿਨਾਰੇ ਕੌਣ ਦੇਵੀ ਕੀਰਤਨ ਕਰ ਰਹੀ ਸੀ? ਕਾਕੀ ਨੇ ਬੜੇ ਭੋਲੇਪਨ ਵਿਚ ਜਵਾਬ ਦਿੱਤਾ:- ਸਵੇਰੇ ਬਾਪੂ ਜੀ ਆਉਣਗੇ ਤੇ ਉਤਰ ਦੇਣਗੇ, ਮੈਨੂੰ ਗੱਲਾਂ ਕਰਾਉਣ ਦੀ ਆਗਿਆ ਨਹੀਂ, ਗੁੱਸੇ ਨਹੀਂ ਹੋਣਾ।

ਅਗਲੇ ਦਿਨ ਸਵੇਰੇ ਸੂਰਜ ਚੜ੍ਹਿਆ ਹੀ ਸੀ ਕਿ ਇਕ ਗੰਭੀਰ ਪੁਰਸ਼, ਨਾਲ ਉਨ੍ਹਾਂ ਦੀ ਇਸਤਰੀ ਤੇ ਉਹ ਕੰਨਿਆ ਆਏ। ਸਿੰਘ ਜੀ ਨੂੰ ਫਤਹ ਗਜਾ ਕੇ ਬੈਠ ਗਏ ਤੇ ਬੋਲੇ:-

ਸੱਜਣ ਜੀ! ਵਹਿਗੁਰੂ ਨੇ ਆਪ ਦੇ ਸਰੀਰ ਨੂੰ ਇਸ ਬੇੜੀ ਤੇ ਆਂਦਾ ਤੇ ਆਪ ਦੀ ਸੇਵਾ ਇਸ ਪਰਵਾਰ ਦੇ ਸਪੁਰਦ ਹੋਈ। ਆਪ ਅਰੋਗ ਹੋ ਗਏ ਹੋ, ਇਸ ਕਰਕੇ ਅੱਜ ਆਗਿਆ ਮਿਲੀ ਹੈ ਕਿ ਅਸੀਂ ਹੁਣ ਗ੍ਰਿਹ ਨੂੰ ਜਾਈਏ ਤੇ ਆਪ ਨੂੰ ਨਾਲ ਲੈ ਕੇ ਚੱਲੀਏ ਤੇ ਆਪ ਦੇ ਟਕਾਣੇ ਪੁਚਾ ਦੇਈਏ। ਬੇੜੀ ਆ ਗਈ ਹੈ, ਆਪ ਚੱਲੋ।

ਸਿੰਘ— ਮੈਂ ਆਪ ਦਾ ਤੇ ਇਸ ਬੀਬੀ ਦਾ ਰਿਣੀ ਤੇ ਸ਼ੁਕਰ ਗੁਜ਼ਾਰ ਹਾਂ, ਪਰ ਮਿਹਰ ਕਰ ਕੇ ਇਹ ਦੱਸੋ ਕਿ ਮੈਂ ਕਿੱਥੇ ਹਾਂ ਤੇ ਕੀਕੂੰ ਮੇਰੀ ਜਾਨ ਦੀ ਰਖਿਆ ਹੋ ਗਈ ਹੈ?

ਸਤਿਸੰਗੀ— ਇਹ ਇਕ ਲੰਮੀ ਵਾਰਤਾ ਹੈ, ਲੁਕਾ ਪੜਦਾ ਕੋਈ ਨਹੀਂ, ਪਰ ਇਸ ਮੰਡਲ ਦੇ ਮਾਲਕ ਦੀ ਇੱਛਾ ਆਪਣੇ ਦਿਨ ਏਕਾਂਤ ਲੁਕ ਕੇ ਕੱਟਣ ਦੀ ਹੈ। ਜੇਕਰ ਆਪ ਬਚਨ ਕਰੋ ਕਿ ਆਪ ਇਨ੍ਹਾਂ ਦੇ ਏਕਾਂਤ ਵਿਚ ਵਿਘਨ ਨਹੀਂ ਪਾਓਗੇ ਤਾਂ ਮੈਂ ਬਿਨੈ ਕਰ ਦੇਂਦਾ ਹਾਂ, ਸਿੰਘ ਤੋਂ ਤੇ ਨਾਮੀ ਤੋਂ ਲੁਕਾ ਕਾਹਦਾ ਹੈ।

ਸਿੰਘ ਜੀ ਆਪਣੇ ਨਾਲ 'ਨਾਮੀ' ਦਾ ਖਿਤਾਬ ਸੁਣ ਕੇ ਘਬਰਾਏ, ਪਰ ਫੇਰ ਸਮਝੇ ਕਿ ਇਹ ਟਿਕਾਣਾ ਜ਼ਰੂਰ ਨਾਮ ਦੇ ਰਸੀਏ ਦਾ ਹੈ, ਨਹੀਂ ਤਾਂ ਮੇਰੇ ਅੰਦਰ ਨਾਮ ਦੀ ਅਰਾਧਨਾ ਨੂੰ ਕੌਣ ਲਖ ਸਕਦਾ ਹੈ, ਖਾਸ ਕਰਕੇ ਜਦੋਂ ਮੈਂ ਬੀਮਾਰ ਤੇ ਬੇਹੋਸ਼ ਸਾਂ। ਇੰਨੀ ਕੁ ਵਿਚਾਰ ਕਰਦਿਆਂ ਆਪ ਦੇ ਮੂੰਹੋਂ ਸਤਿ ਬਚਨ ਨਿਕਲ ਗਿਆ ਤੇ ਸਤਿਸੰਗੀ ਨੇ ਕਥਾ ਛੇੜੀ:-

 www.sikhbookclub.com

'ਇਹ ਅਸਥਾਨ ਇਕ ਭਾਰੀ ਉੱਚਾ ਬ੍ਰੇਤਾ ਹੈ, ਜੋ ਚੋਖਾ ਵੱਡਾ ਹੈ ਤੇ ਦਰਿਆ ਝਨਾਂ ਦੇ ਵਿਚਾਲੇ ਇਕ ਟਾਪੂ ਵਾਂਙ ਹੈ। ਕਿੰਨਾ ਬੀ ਹੜ੍ਹ ਆਵੇ ਇਸ ਪਰ ਪਾਣੀ ਸਾਰੇ ਉਤੇ ਨਹੀਂ ਫਿਰਦਾ। ਏਥੇ ਇਕ ਨਾਮ ਦੇ ਰਸੀਏ ਸਾਧੂ ਭਾਈ ਭੋਜਰਾਜ ਸਿੰਘ ਜੀ ਆ ਕੇ ਟਿਕੇ ਸਨ। ਆਪ ਆਪਣੇ ਨਾਲ ਕੁਛ ਬਕਰੀਆਂ ਲੈ ਕੇ ਆਏ ਸਨ। ਓਹ ਬੇਲੇ ਵਿਚ ਚਰ ਚੁਗ ਛੱਡਦੀਆਂ ਤੇ ਦੋਵੇਂ ਵੇਲੇ ਆਪ ਨੂੰ ਦੁੱਧ ਦੇ ਦੇਂਦੀਆਂ। ਉਹ ਪੀ ਕੇ ਆਪ ਉਦਰ ਪੂਰਨਾ ਕਰ ਲੈਂਦੇ। ਬਾਕੀ ਅੱਠ ਪਹਿਰ ਨਾਮ ਵਿਚ ਨਿਮਗਨ ਰਹਿੰਦੇ। ਜਿਸ ਮਹਾਂ ਪੁਰਸ਼ ਨੇ ਆਪ ਨੂੰ ਨਾਮ-ਰਸ ਦੀ ਚਾਟ ਲਾਈ ਸੀ, ਉਨ੍ਹਾਂ ਦਾ ਨਾਉਂ ਬਾਬਾ ਮਾਲੀ ਸਿੰਘ ਸੀ। ਬਾਬਾ ਮਾਲੀ ਸਿੰਘ ਜੀ ਦਸਮ ਸਤਿਗੁਰ ਦੇ ਹਜ਼ੂਰੀਏ ਸਿੰਘ ਸਨ; ਜਿਨ੍ਹਾਂ ਨੂੰ ਆਪ ਕਲਗੀਧਰ ਜੀ ਨੇ ਅੰਮ੍ਰਿਤ ਛਕਾਇਆ ਸੀ। ਬਾਬਾ ਮਾਲੀ ਸਿੰਘ ਜੀ ਦੀ ਇਨ੍ਹਾਂ ਨੂੰ (ਬਾਬਾ ਭੋਜਰਾਜ ਸਿੰਘ ਜੀ ਨੂੰ) ਆਗਿਆ ਇਹੋ ਮਿਲੀ ਸੀ ਕਿ ਇਸ ਪ੍ਰਕਾਰ ਏਕਾਂਤ ਨਾਮ ਰੰਗ ਮਾਣਨ, ਸੋ ਆਪ ਏਸ ਬ੍ਰੇਤੀ ਤੇ ਆ ਰਹੇ। ਰਹਿਣ ਲਈ ਆਪ ਨੇ ਸਰਕੜੇ ਦੀ ਕੁੱਲੀ ਬਣਾ ਲਈ ਸੀ, ਤੇ ਇਸ਼ਨਾਨ ਦਾ ਘਾਟ ਜਿਹਾ ਬਣਾ ਲਿਆ, ਸਰਦੀ ਤੋਂ ਬਚਣ ਲਈ ਕੁੱਲੀ ਅੱਗੇ ਧੂਣੀ ਰਮਾ ਛਡਦੇ। ਮੁਦਤਾਂ ਲੰਘ ਗਈਆਂ ਤੇ ਆਪ ਨੂੰ ਨਾਮ ਰੰਗ ਨੇ ਰੰਗ ਹੀ ਲਿਆ ਤੇ ਆਗਿਆ ਮੂਜਬ ਲੋਕਾਂ ਤੋਂ ਏਕਾਂਤ ਬਣੀ ਰਹੀ। ਪ੍ਰੰਤੂ ਸਾਈਂ ਦੇ ਰੰਗ ਨਿਆਰੇ ਹਨ। ਕਦੇ ਕਦੇ ਕਿਸੇ ਡੁਬੇ ਰੁੜ੍ਹੇ ਪੂਰ ਤੇ ਰੁੜ੍ਹਦੇ ਮਨੁੱਖ ਤੀਵੀਆਂ, ਬ੍ਰੇਤੀ ਨਾਲ ਆ ਅਟਕਦੇ, ਯਾ ਕਦੇ ਰੁੜ੍ਹਦਾ ਕੋਈ ਪਾਸ ਦੀ ਲੰਘਦਾ ਤਾਂ ਗੁਰ ਨਾਨਕ ਰੰਗ ਦੇ ਏਕਾਂਤੀ ਮਹਾਤਮਾ ਸਹਾਇਤਾ ਜ਼ਰੂਰ ਕਰਦੇ: ਤਰ ਕੇ ਰੁੜ੍ਹਦੇ ਨੂੰ ਕੱਢਦੇ, ਅੱਗਾਂ ਸਿਕਾਉਂਦੇ, ਦੁੱਧ ਪਿਲਾਉਂਦੇ, ਬਚ ਗਏ ਨੂੰ ਕਾਨਿਆਂ ਦੇ ਤੁਲ੍ਹੇ ਤੇ ਬਹਾ ਕੇ ਪਾਰ ਲਾ ਕੇ ਆਪ ਫੇਰ ਏਥੇ ਆ ਜਾਂਦੇ। ਇਸ ਤਰ੍ਹਾਂ ਸਹਿਜੇ ਸਹਿਜੇ ਮਾੜੀ ਮਾੜੀ ਭਿਣਕ ਕਿਤੇ ਕਿਤੇ ਨਿਕਲ ਪਈ ਕਿ ਇਸ ਝੱਲ ਵਿਚ ਕੋਈ ਕਲਗੀਆਂ ਵਾਲੇ ਦੇ ਸ਼ੇਰ ਵਸਦੇ ਹਨ, ਪ੍ਰੰਤੂ ਕਿਸੇ ਨੇ ਵਿਘਨ ਨਹੀਂ ਪਾਇਆ ਤੇ ਕਿਸੇ ਨੇ ਆਪ ਦੀ ਏਕਾਂਤ ਨਹੀਂ ਤੋੜੀ। ਇਕ ਵੇਰੀ ਇਕ ਜੰਞ ਡੋਲੀ ਲੈ ਕੇ ਆ ਰਹੀ ਸੀ ਕਿ ਬੇੜਾ ਡੁਬ ਗਿਆ, ਪੂਰ ਦਾ ਪੂਰ ਡੁਬ ਗਿਆ, ਕਿਸੇ ਦੀ ਉੱਘ ਸੁੱਘ ਨਾ ਨਿਕਲੀ, ਪਰ ਲਾੜੀ ਇਕ ਫਟੜੇ ਨੂੰ ਚੰਬੜੀ ਚੰਬੜਾਈ ਇਸ ਬ੍ਰੇਤੀ ਨਾਲ ਸਰਕੜੇ ਵਿਚ ਆ ਅਟਕੀ। ਰਾਤ ਤਾਂ ਤੜਫਦੀ

ਤੇ ਰੋਂਦੀ ਰਹੀ, ਪਰ ਸਵੇਰੇ ਨਾਮੀ ਮਹਾਂ ਪੁਰਖ ਦੀ ਨਜ਼ਰੇ ਚੜ੍ਹ ਗਈ, ਉਨ੍ਹਾਂ ਨੇ ਅੱਗਾਂ ਸਿਕਾਈਆਂ, ਚਾਦਰਾ ਦਿਤਾ, ਦੁੱਧ ਪਿਲਾਇਆ। ਜਦ ਸਰੀਰ ਠੀਕ ਹੋ ਗਿਆ ਤਾਂ ਤੁਲਹੇ ਤੇ ਬਹਾਲ ਕੇ ਪਾਰ ਲੈ ਗਏ ਤੇ ਪੇਕੇ ਪਿੰਡ ਦੀ ਜੂਹ ਤੱਕ ਪੁਚਾ ਕੇ ਆਪ ਵਾਹਿਗੁਰੂ ਜਪਦੇ ਪਿਛਾਂਹ ਮੁੜ ਆਏ।

ਇਹ ਕੰਨਿਆਂ ਘਰ ਪਹੁੰਚ ਗਈ, ਅੱਗੇ ਇਸ ਦਾ ਤੇ ਇਸ ਦੇ ਪਤੀ ਦਾ ਤੇ ਸਾਰੇ ਪੂਰ ਦਾ ਮਾਤਮ ਹੋ ਰਿਹਾ ਸੀ। ਕਾਕੀ ਦੇ ਪਹੁੰਚਣ ਤੇ ਜਿਸ ਤਰ੍ਹਾਂ ਦੀ ਖੁਸ਼ੀ ਹੋਈ ਉਹ ਦੱਸੀ ਨਹੀਂ ਜਾ ਸਕਦੀ। ਜਾਈ ਤਾਂ ਘਰ ਆਈ, ਪਰ ਲਾਵਾਂ ਲੈਣ ਦੀ ਚੋਰ, ਸਾਈਂ ਨਾਲ ਟੁਰਨ ਦੀ ਮੁਠੀ, ਸੁਹਾਗਣ ਕਰਕੇ ਡੋਲੇ ਪਾਈ ਵਿਧਵਾ ਹੋ ਕੇ ਘਰ ਆਈ। ਸਹੁਰੇ ਘਰ ਦੇ ਸੁਖ ਤਾਂ ਕੀ, ਸਾਈਂ ਦਾ ਦਰਸ਼ਨ ਬੀ ਨਾ ਪਾਇਆ, ਖ਼ੈਰ! ਮਾਤਮ ਦੇ ਦਿਨ ਬੀਤੇ, ਕੁੜੀ ਏਕਾਂਤ ਰਹੇ, ਰੋਵੇ ਤੇ ਰੋਵੇ। ਮਾਂ ਪਿਉਂ ਅਤਿ ਪਿਆਰ ਕਰਦੇ ਸੇ, ਮੱਤਾਂ ਦੇਣ ਪਰ ਉਹ ਉਹਲੇ ਪਰੋਖੇ ਰੋਇਆ ਕਰੇ। ਪਤੀ ਦਾ ਖਿਆਲ, ਪਤੀ ਦਾ ਵੈਰਾਗ, ਰੰਡੇਪੇ ਦਾ ਦੁੱਖ ਹੱਡਾਂ ਨੂੰ ਸਾੜਨ, ਸਰੀਰ ਲਿੱਸਾ ਪੈ ਗਿਆ, ਭੁੱਖ ਘਟ ਗਈ, ਜਤਨ ਬੜੇ ਕੀਤੇ, ਪਰ ਪੇਸ਼ ਨਾ ਗਈ। ਇਸ ਦੇ ਜੀਅ ਨੇ ਰੁਖ ਨਾ ਪਲਟਿਆ ਤੇ ਨਿਰਾਸਾ ਇੱਥੇ ਲੈ ਗਈ ਕਿ ਜੀਵਨ ਦਾ ਕੁਛ ਗੁਣ ਨਹੀਂ। ਇਕ ਦਿਨ ਸਵੇਰ ਸਾਰ ਰੋਂਦੀ ਝਨਾਂ ਦੇ ਕਿਨਾਰੇ ਅੱਪੜੀ ਤੇ ਹਾਹੁਕਾ ਲੈ ਕੇ ਛਾਲ ਮਾਰ ਦਿੱਤੀ, 'ਨਹੀਓਂ ਅੰਤ ਝਨਾ ਦਾ ਜਿੱਥੇ ਬੇੜੇ ਲੱਖ ਡੁਬੰਨ'। ਕੁੜੀ ਰੁੜ੍ਹੀ ਪਰ 'ਜਿਸ ਰਾਖੇ ਤਿਸੁ ਕੋਇ ਨਾ ਮਾਰੇ' ਉਸੇ ਬਰੇਤੀ, ਲਾਗ ਇਸ ਦੀ ਲੋਥ ਜਾ ਰਹੀ ਸੀ ਕਿ ਫੇਰ ਭੋਜਰਾਜ ਸਿੰਘ ਜੀ ਦੀ ਨਜ਼ਰ ਪੈ ਗਈ, ਉਨ੍ਹਾਂ ਤਾਰੀ ਲਾ ਕੇ ਕੱਢ ਆਂਦਾ, ਅਰ ਆਪਣੇ ਓਹੜਾਂ ਪੋਹੜਾਂ ਨਾਲ ਸੁਰਜੀਤ ਕਰ ਲਿਆ। ਸੁਰਜੀਤ ਹੋ ਕੇ ਇਸ ਕੰਨਿਆਂ ਨੇ ਬੜੇ ਹਾਹੁਕੇ ਲਏ ਅਤੇ ਵਿਰਲਾਪ ਤੇ ਕੀਰਨੇ ਕੀਤੇ ਤੇ ਆਪਣੇ ਬਚ ਜਾਣ ਤੇ ਸੰਤਾਂ ਅੱਗੇ ਬੀ ਦੁਖ ਭਰ ਭਰ ਰੋਈ। ਜਦ ਬਾਬਾ ਜੀ ਨੂੰ ਪਤਾ ਲੱਗਾ ਕਿ ਇਹ ਆਤਮਘਾਤ ਕਰਕੇ ਰੁੜ੍ਹੀ ਸੀ, ਅਰ ਉਹੋ ਕੰਨਿਆਂ ਹੈ ਜੋ ਅੱਗੇ ਬਚਾਈ ਸੀ, ਤਾਂ ਆਪ ਨੇ ਆਪਣਾ ਮੂੰਹ ਖੁਹਲਿਆ ਤੇ ਇਸ ਕੰਨਿਆਂ ਨੂੰ ਇਸ ਦੇ ਆਤਮਘਾਤ ਕਰਨ ਦੀ ਮੂਰਖਤਾ ਸੁਝਾਈ ਅਰ ਦੱਸਿਆ ਕਿ ਮਨੁੱਖਾ ਜਨਮ ਕੇਵਲ ਵਿਆਹ ਕਰਕੇ ਸੰਸਾਰ ਦੇ ਸੁਖ ਪਾਵਨ ਲਈ ਨਹੀਂ ਮਿਲਦਾ, ਇਹ ਤਾਂ ਇਕ ਉਚੇ ਕਿਸਮ ਦੀ ਖੁਸ਼ੀ ਦੇ ਲੱਭਣ ਤੇ ਪ੍ਰਾਪਤ ਕਰਨ ਲਈ ਹੈ,

ਜਿਸ ਨਾਲ ਜੀਉਂਦੇ ਹੀ ਆਤਮਾ ਆਪਣੇ ਅੰਦਰਲੇ ਟਿਕਾਓ ਵਿਚ ਯਾਦ ਦੇ ਰੰਗ ਮਾਣਦੀ ਹੈ ਤੇ ਚੋਲਾ ਛੱਡ ਕੇ ਅਕਹਿ ਰਸ ਵਿਚ ਰਹਿੰਦੀ ਹੈ।

ਜਦੋਂ ਇਸ ਮਹਾਨ ਤਪੀ ਪੁਰਖ ਨੇ ਆਪਣੇ ਉਚੇ ਉਪਦੇਸ਼ ਦੇ ਬਾਣ ਮਾਰੇ ਤਾਂ ਕੰਨਿਆਂ ਸੁੱਤੀ ਹੋਈ ਜਾਗ ਪਈ ਤੇ ਉਸ ਨੂੰ ਸੋਝੀ ਹੋ ਆਈ ਕਿ ਮਨੁੱਖਾ ਜਨਮ ਮਾਇਕ ਤੇ ਨਾ ਰਹਿਣ ਵਾਲੀਆਂ ਛਿੰਨ-ਭੰਗਰ ਖੁਸ਼ੀਆਂ ਲਈ ਹੀ ਨਹੀਂ ਮਿਲਿਆ, ਇਹ ਕਿਸੇ ਉੱਚੇ ਕੰਮ ਲਈ ਬੀ ਮਿਲਿਆ ਹੈ, ਤਦ ਉਸ ਦੇ ਦਿਲ ਦਾ ਦੁਖ ਪਲਟ ਗਿਆ, ਚਰਨਾਂ ਤੇ ਢਹਿ ਪਈ ਤੇ ਯਾਚਨਾਂ ਕਰਨ ਲੱਗੀ ਕਿ ਮੈਨੂੰ ਅਮਰੀ ਖ਼ੁਸ਼ੀ ਦੇ ਰਸਤੇ ਪਾਓ। ਬਾਬਾ ਜੀ ਨੇ ਕਾਕੀ ਨੂੰ ਨਾਮ ਵਿਚ ਲਾ ਦਿੱਤਾ। ਜਦ ਕਾਕੀ ਲਗ ਪਈ ਤਾਂ ਇਕ ਦਿਨ ਕੁੜੀ ਦੇ ਵਿਲਪਦਿਆਂ ਵਿਲਪਦਿਆਂ ਆਪ ਉਸ ਨੂੰ ਤੁਲਹੇ ਉਤੇ ਪੇਕੇ ਪਿੰਡ ਫੇਰ ਛੋੜ ਆਏ ਤੇ ਗੁਰਮੁਖੀ ਪੜ੍ਹ ਕੇ ਰੋਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨ ਦੀ ਆਗਿਆ ਕੀਤੀ।

ਜਦ ਬਾਬਾ ਜੀ ਮੁੜੇ ਤਾਂ ਉਨ੍ਹਾਂ ਨੂੰ ਬੜਾ ਦੁਖ ਉਠਿਆ, ਬਾਬਾ ਜੀ (ਬਾਬਾ ਮਾਲੀ ਸਿੰਘ ਜੀ) ਨੇ ਆਗਿਆ ਕੀਤੀ ਸੀ ਕਿ ਏਕਾਂਤ ਨਾਮ ਜਪੋ ਜਗ੍ਹਾ ਬੜੀ ਏਕਾਂਤ ਦੱਸੀ ਸੀ ਤੇ ਮੈਂ ਜੰਜਾਲ ਸਹੇੜ ਲਏ ਅਰ ਅੱਜ ਉਨ੍ਹਾਂ ਦੀ ਆਗਿਆ ਤੋਂ ਬਿਨਾਂ ਉਪਦੇਸ਼ ਸ਼ੁਰੂ ਕਰ ਦਿੱਤਾ ਹੈ, ਸ਼ੋਕ! ਮੈਂ ਸੱਚੇ ਸਿੱਖ ਦੀ ਆਗਿਆ ਤੋਂ ਅਵੱਗਿਆ ਕਰ ਟੁਰਿਆ ਹਾਂ। ਇਸ ਤਰ੍ਹਾਂ ਪਛਤਾਂਦੇ ਜਦ ਆਪਣੇ ਡੇਰੇ ਪੁਜੇ ਤਾਂ ਅੱਗੇ ਨਾਮ ਰੰਗ ਲਾਉਣ ਵਾਲੇ ਮੀਤ ਪਿਆਰੇ ਬਾਬਾ ਜੀ (ਬਾਬਾ ਮਾਲੀ ਸਿੰਘ ਜੀ) ਬਿਰਾਜ ਰਹੇ ਸਨ। ਦੇਖ ਕੇ ਮੁਸਕੁਰਾਏ ਤੇ ਬੋਲੇ- "ਦੁਖ ਨਾ ਕਰੋ, ਨਰਦ ਪੁੱਗ ਗਈ ਹੈ ਤੇ ਹੁਣ ਕੱਚੀ ਹੋਣ ਦਾ ਡਰ ਨਹੀਂ, ਆਵਾ ਪੱਕ ਗਿਆ ਹੈ ਤੇ ਧੂੰ ਨਿਕਲਣ ਨਾਲ ਪਿੱਲੇ ਪੈਣ ਦਾ ਭੈ ਨਹੀਂ, ਸਾਡੀ ਰੋਕ ਉਸ ਸਮੇਂ ਤੱਕ ਹੀ ਸੀ, ਹੁਣ ਜਪੋ ਤੇ ਜੇ ਅਵਸਰ ਕਰਤਾਰ ਬਨਾਵੇ ਤਾਂ ਜਪਾਵੋ। ਪਰ ਤੁਸਾਂ ਅਜੇ ਉੱਦਮ ਤੇ ਹੀਲਾ ਕਰਕੇ ਆਮ ਛੱਟਾ ਨਹੀਂ ਦੇਣਾ, ਇਹ ਸਤਿਗੁਰਾਂ ਦੀ ਆਗਿਆ ਪ੍ਰਤੀਬਿੰਬਤ ਹੋਈ ਹੈ। ਉਂਵ ਰੋਕ ਅੱਜ ਤਾਈਂ ਹੀ ਸੀ, ਕਿਉਂਕਿ ਜੋ ਗੁਰੂ ਨਾਨਕ ਦਾ ਸਿੱਖ ਆਪ ਨਹੀਂ ਜਪਦਾ ਉਹ ਹੋਰਨਾਂ ਨੂੰ ਜਪਾ ਨਹੀਂ ਸਕਦਾ। ਜਪਣਾ ਤੇ ਜਪਾਉਣਾ ਸਿੱਖ ਦਾ ਧਰਮ ਹੈ":-

 www.sikhbookclub.com

**ਜਨ ਆਵਨ ਕਾ ਇਹੈ ਸੁਆਉ॥**
**ਜਨ ਕੈ ਸੰਗਿ ਚਿਤਿ ਆਵੈ ਨਾਉ॥**
(ਗਉ:ਸੁਖ:੨੩, ਪੰਨਾ-੨੯੫)

ਇਹ ਕਹਿ ਬਾਬਾ (ਮਾਲੀ ਸਿੰਘ) ਜੀ ਤਾਂ ਟੁਰ ਗਏ ਤੇ ਬਾਬਾ ਭੋਜਰਾਜ ਸਿੰਘ ਜੀ ਤੋਂ ਕਿਸੇ ਕਿਸੇ ਨੂੰ ਵਰੋਸਾਉ ਲੱਗਾ ਹੋਣ। ਇਹ ਗੱਲ ਤਾਂ ਫੈਲ ਹੀ ਰਹੀ ਸੀ ਕਿ ਇਸ ਬ੍ਰੇਤੇ ਵਿਚ ਕੋਈ ਕਰਨੀ ਵਾਲਾ ਮਹਾਂ ਪੁਰਖ ਰਹਿੰਦਾ ਹੈ, ਹੁਣ ਕਿਸੇ ਕਿਸੇ ਨੂੰ ਆਪ ਤੋਂ ਨਾਮ-ਰੰਗ ਚੜ੍ਹਿਆ ਤੇ ਕੋਈ ਨਾਮ-ਪਿਆਸਾ ਬੇੜੀ ਚੜ੍ਹ ਕੇ ਦਰਸ਼ਨਾਂ ਨੂੰ ਵੀ ਆਇਆ ਕਰੇ, ਪਰ ਤਪ ਤੇਜ ਇਤਨਾ ਸੀ ਕਿ ਸਭ ਭੈ ਵਾਲੇ ਪਿਆਰ ਵਿਚ ਰਹਿੰਦੇ ਸਨ। ਆਪ ਜੇ ਕਿਸੇ ਨਾਲ ਮਿਹਰ ਭਰੇ ਬਚਨ ਕਰ ਦੇਣ, ਤਾਂ ਵਾਹ ਵਾਹ, ਨਹੀਂ ਤਾਂ ਦਰਸ਼ਨ ਕਰ ਕੇ ਅਦਬ ਨਾਲ ਚਲੇ ਜਾਣ।

ਉਧਰ ਉਸ ਕੰਨਿਆ ਨੂੰ ਨਿਰਾ ਨਾਮ ਦਾ ਉਪਦੇਸ਼ ਹੀ ਨਹੀਂ ਸੀ ਮਿਲਿਆ, ਨਾਮ ਦਾ ਪ੍ਰਵੇਸ਼ ਬੀ ਮਿਲਿਆ ਸੀ, ਉਹ ਲੱਗੀ ਜਪਣ ਤੇ ਲਿਵਲੀਨ ਹੋਣ। ਰੰਗ ਪਲਟ ਗਿਆ, ਸ਼ਾਂਤੀ ਤੇ ਟਿਕਾਉ ਆ ਗਿਆ, ਸੁਭਾਉ ਗੰਭੀਰ ਤੇ ਸਹਨਸ਼ੀਲ ਹੋ ਗਿਆ, ਰੋਜ਼ ਦੇ ਪਾਠ ਨੇ ਹੋਰ ਰੰਗ ਜਮਾਇਆ। ਦਿਲ ਵਿਚ ਜਦ ਸੁਆਦ ਆਵੇ, ਜਨਮ ਸਫਲਾ ਹੋਇਆ ਦਿੱਸੇ। ਦਰਸ਼ਨਾਂ ਨੂੰ ਚਿੱਤ ਕੀਤਾ ਕਰੇ, ਵਰ੍ਹਾ ਦਿਨ ਲੰਘਿਆ। ਪਿੰਡ ਦੇ ਲੋਕ ਇਸਦਾ ਸਤਿਕਾਰ ਕਰਨ ਲਗ ਪਏ, ਪਰ ਸਭ ਪਰ ਇਹ ਪ੍ਰਭਾਵ ਛਾ ਗਿਆ ਕਿ ਇਹ ਦੇਵੀ ਸੰਤ ਰੂਪ ਹੈ।

ਇਕ ਦਿਨ ਇਸ ਨੂੰ ਐਸੀ ਖਿੱਚ ਪਈ ਕਿ ਦਰਿਆ ਦੇ ਕੰਢੇ ਜਾ ਕੇ ਸਰਕੜੇ ਦਾ ਤੁਲਹਾ ਬਣਾਇਆ ਤੇ ਦੋ ਵਾਂਸੀ ਲਾਠੀਆਂ ਲੈ ਕੇ ਉੱਤੇ ਬੈਠ ਕੇ ਠਿਲ੍ਹ ਹੀ ਪਈ। ਰੱਬ ਹੀ ਹੈ ਜੋ ਕੱਖਾਂ ਦੀ ਬੇੜੀ ਨੂੰ ਟਿਕਾਣੇ ਲੈ ਗਿਆ ਤੇ ਇਸ ਨੇ ਬਾਬਾ ਜੀ ਦੇ ਦਰਸ਼ਨ ਪਾਏ ਅਰ ਉਪਦੇਸ਼ ਤੋਂ ਲਾਭ ਲੀਤਾ। ਬਾਬਾ ਜੀ ਲਗਦੇ ਚਾਰੇ ਰਾਤ ਕਿਸੇ ਨੂੰ ਬ੍ਰੇਤੀ ਵਿਚ ਨਹੀਂ ਰਹਿਣ ਦੇਂਦੇ ਸਨ, ਕੋਈ ਕੋਠਾ ਨਹੀਂ ਉਸਾਰਨ ਦਿੰਦੇ ਸਨ, ਕੋਈ ਸਾਮਾਨ ਨਹੀਂ ਜੁੜਨ ਦੇਂਦੇ ਸਨ, ਉਹੋ ਬੱਕਰੀਆਂ, ਉਹੋ ਦੁੱਧ, ਉਹੋ ਕੱਖਾਂ ਦੀ ਕੁੱਲੀ ਤੇ ਦੱਭ ਦਾ ਬਿਸਤਰਾ। ਯਾਤਰੂ ਆਉਣ, ਅੰਨ ਨਾਲ ਲਿਆਉਣ, ਆਪਣਾ ਨਿਰਬਾਹ ਆਪ ਕਰਨ। ਜੇ ਬਾਬਾ ਜੀ ਤੋਂ ਮੰਗੋ ਤਾਂ ਦੁੱਧ ਹਾਜ਼ਰ। ਸੋ ਆਪਣੇ ਸੁਭਾ


www.sikhbookclub.com

ਮੂਜਬ ਉਨ੍ਹਾਂ ਕਾਕੀ ਨੂੰ ਉਸੇ ਦਿਨ ਟੋਰਨਾ ਚਾਹਿਆ, ਪਰ ਥਕਤ ਹੋਣ ਕਰਕੇ ਤਰਸ ਕੀਤਾ ਤੇ ਅਗਲੇ ਦਿਨ ਪਾਰ ਲਾ ਆਏ। ਹੁਣ ਇਸ ਦੇਵੀ ਸਰੂਪ ਸਾਧੂ ਬੀਬੀ ਨੂੰ ਜਦ ਕਦੇ ਦਰਸ਼ਨ ਕਰਨ ਦੀ ਚਾਹ ਹੋਣੀ ਚੁਪਾਤੇ ਤੁਲਹਾ ਬੰਨ੍ਹਣਾ ਤੇ ਠਿੱਲ੍ਹ ਪੈਣਾ ਅਰ ਕੁਦਰਤ ਤੇ ਰੱਬੀ ਤਾਕਤ ਨੇ ਜ਼ਰੂਰ ਟਿਕਾਣੇ ਪੁਚਾਉਣਾ। ਸਤਿਸੰਗ ਦਾ ਲਾਭ ਲੈ ਕੇ ਮੁੜ ਆਉਣਾ। ਆਪਣੇ ਪਿੰਡ ਤਾਂ ਇਹ ਦੇਵੀ ਪ੍ਰਸਿੱਧ ਹੋ ਗਈ ਸੀ, ਪਰ ਬ੍ਰੇਤੀ ਲਾਗ ਪਾਰ ਤੇ ਮੁਹਾਣਿਆਂ ਤੇ ਮਲਾਹਾਂ ਨੇ ਇਸ ਦੇ ਆਉਣ ਜਾਣ ਦਾ ਕੌਤਕ ਕਈ ਵੇਰ ਤਕ ਕੇ ਕੰਨਿਆ ਦਾ ਨਾਂ "ਸੋਹਣੀ ਮੌਲਾ ਦੀ" ਪਾ ਦਿੱਤਾ। ਉਨ੍ਹਾਂ ਸਮਝਿਆ ਕਿ ਸੋਹਣੀ ਦੀ ਰੂਹ ਮੌਲਾ ਦੀ ਦਰਗਾਹੋਂ ਫੇਰ ਝਨਾਂ ਵਿਚ ਫੇਰੇ ਪਾਉਂਦੀ ਹੈ। ਇਸ ਕਰਕੇ ਇਸ ਦੇਵੀ ਨੂੰ ਤੁਲਹੇ ਤੇ ਠਿਲ੍ਹ ਕੇ ਆਉਣ ਕਰਕੇ ਉਨ੍ਹਾਂ ਆਪਣੇ ਸਿੱਧੇ ਤੇ ਜਾਂਗਲੀ ਸੁਭਾ ਵਿਚ ਇਹ ਨਾਮ ਦੇ ਦਿੱਤਾ।

ਸਮਾਂ ਬੀਤਦਾ ਗਿਆ, ਇਹ ਬੀਬੀ ਪੂਰਨ ਬੀਤ ਰਾਗ, ਨਾਮ ਰਸੀਆ ਤੇ ਮਹਾਂ ਮੂਰਤੀ ਹੋ ਗਈ।

ਬਾਬਾ (ਭੋਜਰਾਜ ਸਿੰਘ) ਜੀ ਦਾ ਸਰੀਰ ਇਸ ਖੱਲੜੇ ਨੂੰ ਛੋੜ ਗਿਆ, ਉਨ੍ਹਾਂ ਦੀ ਆਗਿਆ ਮੂਜਬ ਸਰੀਰ ਜਲ ਪ੍ਰਵਾਹ ਕਰ ਦਿੱਤਾ ਗਿਆ। ਇਸ ਬੀਬੀ ਨੇ ਹੁਣ ਇਸ ਬ੍ਰੇਤੀ ਨੂੰ ਏਕਾਂਤ ਤੇ ਸੁਖਦਾਈ ਜਾਣ ਕੇ ਘਰ ਬਾਰ ਤੋਂ ਵਿਦੈਗੀ ਲੈ ਇਥੇ ਡੇਰਾ ਲਾ ਦਿੱਤਾ, ਪ੍ਰੰਤੂ ਵਰਤੋਂ ਵਿਚ ਉਹੋ ਤਿਆਗ ਹੀ ਰਿਹਾ। ਉਨ੍ਹਾਂ ਬੱਕਰੀਆਂ ਦੀ ਉਲਾਦ ਦੁੱਧ ਦੇਂਦੀ ਹੈ, ਉਹੋ ਕੱਖਾਂ ਦੀਆਂ ਕੁਲੀਆਂ ਬਿਸ੍ਰਾਮ ਦਾ ਟਿਕਾਣਾ ਹਨ, ਉਹੋ ਦੱਭ ਦਾ ਬਿਸਤਰਾ ਹੈ ਤੇ ਕਦੇ ਕਦੇ ਕਿਸੇ ਸਤਿਸੰਗੀ ਵਲੋਂ ਆਇਆ ਖੱਦਰ ਕੱਜਣ ਹੈ ਤੇ ਅੱਗ ਦੀ ਧੂਣੀ ਮੀਂਹ ਪਾਲੇ ਦਾ ਦਾਰੂ ਹੈ। ਬਾਬਾ ਭੋਜਰਾਜ ਸਿੰਘ ਜੀ ਦੀ ਸੰਗਤ ਤੇ ਉਪਦੇਸ਼ਾਂ ਨਾਲ ਤਾਰੇ ਹੋਏ ਪ੍ਰੇਮੀ, ਉਨ੍ਹਾਂ ਦੇ ਲਾਏ ਹੋਏ ਗੁਰੂ ਨਾਨਕ ਵਾੜੀ ਵਿਚ ਉਘੇ ਨੌਨਿਹਾਲ ਸਤਿਸੰਗ ਵਿਚ ਕਦੇ ਕਦੇ ਆਉਂਦੇ ਰਹੇ। ਜਿਸ ਬ੍ਰਿਧ ਰਤਨ ਰੂਪ ਮਹਾਨ ਪਵਿੱਤਰ ਦੇਵੀ ਦੇ ਤੁਸਾਂ ਦਰਸ਼ਨ ਪਾਏ ਹਨ, ਇਹ ਉਹੀ ਦਿੱਬ ਸਰੂਪ ਨਿਰੰਜਨ ਕੌਰ ਜੀ ਹਨ, ਜਿਨ੍ਹਾਂ ਨੂੰ ਦੁਵੱਲੀ ਆਰ ਪਾਰ ਦੇ ਪਿੰਡਾਂ ਵਾਲੇ ਤੇ ਮੁਹਾਣੇ 'ਸੋਹਣੀ ਮੌਲਾ ਦੀ' ਕਰਕੇ ਆਖਦੇ ਤੇ ਮੱਥੇ ਟੇਕ ਕੇ ਸ਼ਰੀਣੀਆਂ ਤੇ ਨਿਆਜ਼ਾਂ ਇਸ ਦਾ ਨਾਮ ਲੈ ਲੈ ਕੇ ਵੰਡਦੇ ਹਨ। ਮੈਂ ਤੇ ਮੇਰਾ ਪਰਵਾਰ ਬੀ ਬਾਬਾ ਜੀ ਦੇ ਸਮੇਂ ਤੋਂ ਇਥੇ ਆਇਆ ਜਾਇਆ ਕਰਦੇ

ਤੇ ਸਤਿਸੰਗ ਦਾ ਲਾਭ ਉਠਾਉਂਦੇ ਹਾਂ। ਮਾਈ ਜੀ ਕਲਗੀਆਂ ਵਾਲੇ ਗੁਰੂ ਦੀ ਸੱਚੀ ਸਿੰਘਣੀ, ਸੱਚੀ ਸਾਧੂ, ਸੱਚੀ ਵਿਰਕਤ, ਬੀਤ ਰਾਗ ਤੇ ਰਸ ਆਰੂੜ ਹੈ। ਨਾਮ ਨਿਰੰਜਨ ਕੌਰ ਹੈ, ਪਰ ਮਲਾਹ ਤੇ ਮੁਹਾਣੇ ਆਪਣਾ ਧਰਿਆ ਹੀ ਨਾਮ ਲੈਂਦੇ ਹਨ।


www.sikhbookclub.com

# ੫. ਅੰਤ

ਸਮਾਂ ਅੰਤ ਦਾ ਅੰਤ ਏ ਆਂਵਦਾ ਹੈ
ਜੀਵੇ ਜੁੱਗ ਕੋਈ ਭਾਵੇਂ ਚਾਰ ਲੋਕੋ।
(ਬਿਸਮਿਲ ਮੋਰ ਵਿਚੋਂ)

-o-

ਇਹੋ ਗੱਲਾਂ ਹੀ ਹੋ ਰਹੀਆਂ ਸਨ ਕਿ ਮਾਈ ਨਿਰੰਜਨ ਕੌਰ, ਬ੍ਰਿਧ ਮਾਈ, ਸਰੀਰੋਂ ਪਤਲੀ, ਜਿਸ ਦੇ ਸਰੀਰ ਵਿਚ ਲਹੂ ਨਾ ਹੋਣ ਕਰਕੇ ਝੁਰੀਆਂ ਪੈ ਰਹੀਆਂ ਸਨ, ਪਰ ਨਾਮ ਦਾ ਤੇਜ ਚਿਹਰੇ ਤੇ ਫੇਰ ਬੀ ਚਮਕਾਂ ਮਾਰ ਰਿਹਾ ਸੀ, ਆਪ ਆ ਗਈ ਤੇ ਕਹਿਣ ਲੱਗੀ:

**ਨਾਨਕ ਆਏ ਸੇ ਪਰਵਾਣੁ ਹੈ ਜਿਨ ਹਰਿ ਵੁਠਾ ਚਿਤਿ॥**
**ਗਾਲ੍ਹੀ ਅਲ ਪਲਾਲੀਆ ਕੰਮ ਨ ਆਵਹਿ ਮਿਤ॥**
(ਵਾਰ ਗਉੜੀ ਮਹਲਾ ੫, ਪੰਨਾ ੩੨੦)

ਲਓ ਗੁਰੂ ਕੇ ਪਿਆਰਿਓ! ਸਾਡੀ ਹੁਣ ਹੋਈ ਜੇ ਵਤਨ ਤਿਆਰੀ।

ਗੁਰਨਾਮ ਸਿੰਘ ਜੀ (ਜਿਸ ਦੀ ਕਾਕੀ ਸਿੰਘ ਜੀ ਨੂੰ ਦੁੱਧ ਪਿਲਾਂਦੀ ਹੁੰਦੀ ਸੀ)- ਤ੍ਰਬਕ ਕੇ! ਮਾਈ ਜੀ ਕਿੱਥੋਂ ਦੀ?

ਮਾਈ—
**ਓਥੈ ਅੰਮ੍ਰਿਤੁ ਵੰਡੀਐ ਸੁਖੀਆ ਹਰਿ ਕਰਣੇ॥**
**ਜਮ ਕੈ ਪੰਥਿ ਨ ਪਾਈਅਹਿ ਫਿਰਿ ਨਾਹੀ ਮਰਣੇ॥**

 www.sikhbookclub.com

**ਜਿਸ ਨੋ ਆਇਆ ਪ੍ਰੇਮ ਰਸੁ ਤਿਸੈ ਹੀ ਜਰਣੇ॥**
**ਬਾਣੀ ਉਚਰਹਿ ਸਾਧ ਜਨ ਅਮਿਉ ਚਲਹਿ ਝਰਣੇ॥**
**ਪੇਖਿ ਦਰਸਨੁ ਨਾਨਕੁ ਜੀਵਿਆ ਮਨ ਅੰਦਰਿ ਧਰਣੇ॥**
(ਵਾਰ ਗਾਉੜੀ ਮਹਲਾ ੫, ਪੰਨਾ ੩੨੦)

ਗੁਰਨਾਮ ਸਿੰਘ— ਮਾਤਾ ਜੀ! ਇਹ ਕਿਵੇਂ?

ਨਿਰੰਜਨ ਕੌਰ— ਅਸਚਰਜ ਕਿਉਂ ਹੁੰਦੇ ਹੋ? ਤੁਸੀਂ ਜੋ ਮਹਾਂ ਪੁਰਖਾਂ ਦੇ ਸਤਿਸੰਗ ਵਿਚ ਰਹੇ ਹੋ, ਨਾਮ ਦੇ ਰਸੀਏ ਹੋ, ਆਰ ਪਾਰ ਦੀ ਸੋਝੀ ਰਖਦੇ ਹੋ, ਤੁਸੀਂ ਅਚਰਜ ਕਿਉਂ? ਜੀਵਨ ਚੰਗਾ ਹੈ, ਮਿੱਠਾ ਹੈ, ਜੇ ਪਿਆਰੇ ਵਾਹਿਗੁਰੂ ਦੇ ਪ੍ਰੇਮ ਵਿਚ ਜੀਵੇ। ਇਸੇ ਤਰ੍ਹਾਂ ਦੇ ਰੰਗਰਤੜੇ ਨਾਰਾਇਣ ਧੁਰ ਦਾ ਸੱਦਾ ਆਵੇ ਤਾਂ ਮੌਤ ਅਮਰ ਜੀਵਨ ਦਾ ਦਰਵਾਜਾ ਹੈ, ਮੌਤ ਨਵਾਂ ਜਨਮ ਹੈ, ਮੌਤ ਮਰਨਾ ਨਹੀਂ, ਮੌਤ ਜੰਮਣਾ ਹੈ।

ਗੁਰਨਾਮ ਸਿੰਘ— ਸੱਚ ਹੈ ਮਾਤਾ ਜੀ। ਪਰ ਅੱਚਣਚੇਤ ਇਹ ਕਿਵੇਂ?

ਮਾਤਾ— ਗੁਰੂ ਸੁਆਰੇ ਲਾਲ! ਪਤਾ ਨਹੀਂ ਹੁਣੇ ਹੀ ਅਰਦਾਸਾ ਸੋਧ ਕੇ ਹਟੀ ਤਾਂ ਆਗਿਆ ਹੋਈ ਹੈ: "ਆ ਜਾਓ, ਅਰ ਅੱਜ ਹੀ ਆ ਜਾਓ", ਇਹ ਜੋ ਸਿੰਘ ਜੀ ਅੱਜ ਵੱਲ ਹੋਏ ਹਨ, ਹੁਕਮ ਹੋਇਆ ਹੈ ਕਿ ਇਹ ਗੁਰੂ ਘਰ ਦੇ ਤਰੇ ਹੋਏ ਸਿੰਘ ਹਨ, ਇਨ੍ਹਾਂ ਦੀ ਨਾਮ ਅਵਸਥਾ ਪਰਪੱਕ ਹੋ ਗਈ ਹੈ, ਇਨ੍ਹਾਂ ਲਈ ਹੁਕਮ ਆਇਆ ਹੈ ਕਿ ਇਹ ਨਾਮ ਜਪਾਉਣ ਦੀ ਵਾਹਿਗੁਰੂ ਦੀ ਸੇਵਾ ਕਰਨ। ਇਨ੍ਹਾਂ ਨੂੰ ਜੋ ਤਸੀਹਾ ਹੋਇਆ ਹੈ, ਇਹ ਪਿਆਰ ਹੈ, ਇਨ੍ਹਾਂ ਦੀ ਆਤਮਾ ਵਿਚੋਂ ਛੇਕੜਲੀ ਮੈਲ ਕੱਟ ਦਿੱਤੀ ਗਈ ਹੈ, ਹੁਣ ਇਹ ਨਿਰਾ ਆਪ ਨਾ ਜਪਣ, ਸਗੋਂ ਜਪਾਉਣ। ਨਾਲ ਇਹ ਆਗਿਆ ਹੈ ਕਿ ਇਥੇ ਬ੍ਰੇਤੀ ਵਿਚ ਨਹੀਂ ਰਹਿਣਾ, ਆਪਣੇ ਘਰ ਜਾਣ, ਗ੍ਰਿਹਸਤ ਵਿਚ ਰਹਿਣ, ਗ੍ਰਿਹਸਤ ਆਸ਼ਰਮ ਦਾ ਨਿਰਬਾਹ ਕਰਨ, ਪਰ ਆਪ ਕੰਮ ਕਾਜ ਇਹੋ ਕਰਨ ਕਿ ਨਿਰੰਤਰ ਸਿਮਰਨ ਕਰਨ ਤੇ ਭੁੱਲੀ ਹੋਈ ਸ੍ਰਿਸ਼ਟੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਸ਼ੇ ਮੁਜਬ ਨਾਮ ਪ੍ਰੇਮ ਵਿਚ ਲਾਉਣ। (ਹੁਣ ਵੱਲ ਹੋਏ ਸਿੰਘ ਜੀ ਨੂੰ ਸੰਬੋਧਨ ਕਰਕੇ) ਸੰਸਾਰ ਸਦਾ ਭਲਿਆਂ ਨੂੰ, ਉਪਕਾਰੀਆਂ ਨੂੰ, ਸੇਵਕਾਂ ਨੂੰ ਕਸ਼ਟ ਦੇਂਦਾ ਆਇਆ ਹੈ, ਸੋ ਜੇ ਤੁਸਾਨੂੰ ਬੀ ਆਉਣ ਤਾਂ ਅਸਚਰਜ ਨਹੀਂ ਹੋਣਾ, ਘਬਰਾਉਣਾ ਨਹੀਂ, ਤੁਸੀਂ ਸਤਿਗੁਰ ਨਾਨਕ ਦੇ ਸਿਪਾਹੀ ਹੋ ਕੇ ਆਪਣੇ ਰਾਜੇ ਦਾ ਪ੍ਰੇਮ ਰਾਜ

ਫੈਲਾਉਣਾ। ਸਿੱਖ ਹੀ, ਗੁਰੂ ਨਾਨਕ ਦੇ ਨਾਮ ਲੇਵੇ ਹੀ ਤੁਹਾਨੂੰ ਕਸ਼ਟ ਦੇਣ ਤਦ ਬੀ ਨਹੀਂ ਘਬਰਾਉਣਾ, ਕਿਉਂਕਿ ਗੁਰੂ ਬਾਬੇ ਦੇ ਓਹ ਨਹੀਂ ਜੋ ਫੋਕਾ ਦਾਵਾ ਕਰਦੇ ਹਨ, ਪਰ ਉਹ ਜੋ ਗੁਰੂ ਬਾਬੇ ਦੇ ਦਸੇ 'ਨਾਮ-ਜੀਵਨ' ਵਿਚ ਜੀਉਂਦੇ ਗੁਰੂ ਬਾਬੇ ਦੀ ਰਹੁ-ਰੀਤ ਰਖਦੇ ਹਨ, ਓਹ ਗੁਰੂ ਬਾਬੇ ਦੇ ਹਨ ਤੇ ਗੁਰੂ ਬਾਬਾ ਉਨ੍ਹਾਂ ਦਾ ਹੈ। ਤੁਸਾਂ ਆਪਣੇ ਆਪ ਨੂੰ ਇਕੱਲਿਆਂ ਨਹੀਂ ਸਮਝਣਾ, ਮੁਸ਼ਕਲਾਂ ਤੇ ਬਿਪਤਾ ਵੇਲੇ ਡੋਲ ਨਹੀਂ ਖਲੋਣਾ, ਗੁਰੂ ਬਾਬਾ ਅੰਗ ਸੰਗ ਜਾਣਨਾ:- "ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥" (ਆ:ਮ: ੫, ਪੰਨਾ-੩੯੪) ਅਤੇ "ਸਿਰ ਊਪਰਿ ਠਾਢਾ ਗੁਰੁ ਸੂਰਾ॥" ਜਾਣ ਕੇ ਭਰੋਸਾ ਕਰਨਾ ਅਤੇ:- "ਨਾਨਕ ਤਾ ਕੈ ਕਾਰਜ ਪੂਰਾ॥" (ਸੁਖ-੨੨, ਪੰਨਾ-੨੯੩) ਦੇ ਵਿਸ਼ਵਾਸ ਵਿਚ ਵੱਸਣਾ, ਭੁੱਲ ਨਹੀਂ ਜਾਣਾ 'ਹਰਿ ਜਨਾਂ' ਵਾਸਤੇ ਜਗਤ ਦੇ ਤਸੀਹੇ ਭਾਰੀ ਰੋਕ ਹੁੰਦੇ ਹਨ, ਪਰ ਡਰਨਾ ਨਹੀਂ। ਓਪਰੇ ਨਹੀਂ, ਆਪਣੇ ਖੇਸ਼ ਕਬੀਲੇ, ਮਿਤ੍ਰ, ਪਿਆਰੇ ਬੀ ਵੈਰੀ ਹੋ ਖਲੋਂਦੇ ਹਨ। ਤੁਸਾਨੂੰ ਪਤਾ ਹੈ ਕਲਗੀਆਂ ਵਾਲੇ ਮਾਲਕ ਨੂੰ ਆਪਣੇ ਸਿਖ ਆਖਦੇ ਸਨ: 'ਤੂੰ ਅਜੇ ਬੱਚਾ ਹੈਂ, ਤੇਰੇ ਆਖੇ ਨਹੀਂ ਟੁਰਨਾ।' ਗੁਰੂ ਬਾਬੇ ਨੂੰ ਲੋਕ 'ਕੁਰਾਹੀਆ' ਕਹਿੰਦੇ ਸਨ, ਤੀਸਰੇ ਚੌਥੇ ਸਤਿਗੁਰਾਂ ਪਰ ਨਾਲਸ਼ਾਂ ਕੀਤੀਆਂ, ਪੰਚਮ ਸਤਿਗੁਰੂ ਜੀ ਨੂੰ ਖੇਦ ਦੇ ਕੇ ਸ਼ਹੀਦ ਕੀਤਾ, ਛਠਮ ਗੁਰੂ ਜੀ ਨੂੰ ਖੇਦ ਦਿੱਤੇ ਗਏ। ਨਾਵੇਂ ਗੁਰਾਂ ਦੀ ਸ਼ਹਾਦਤ ਹੋਈ। ਸੋ ਧਰਮ ਬੀਰ ਜੀ! ਸਾਵਧਾਨ ਹੋ ਜਾਓ, ਗੁਰੂ ਬਾਬੇ ਦੀ ਅਬਚਲੀ ਜੋਤ ਨੂੰ ਲੋਕ ਭੁਲਾ ਕੇ ਫੇਰ ਹਨੇਰੇਂ ਢਹਿਣ ਲੱਗ ਪਏ ਹਨ, ਜਾਓ ਨਾਮ ਦੀ ਜੋਤਿ ਜਗਾ ਦਿਓ, ਬਾਣੀ ਦੇ ਪਾਠ, ਅਭਿਆਸ, ਸਮਝ, ਰਸ ਤੇ ਗੁਰੂ ਗ੍ਰੰਥ-ਪ੍ਰਤੱਖਜ ਗੁਰੂ- ਦੀ ਆਗਿਆ ਪਾਲਣ ਦਾ ਪ੍ਰਚਾਰ ਕਰੋ, ਸਿਮਰਨ ਵਿਚ ਨਿਵਾਸ ਕਰਾਓ, ਪ੍ਰੇਮ ਦੀ ਲਾਟ ਬਾਲ ਦਿਓ, ਜੋ 'ਪੂਰਨ ਜੋਤ ਜਗੈ ਘਟ ਮੈਂ' - ਘਟ ਘਟ ਮੇਂ ਪੂਰਨ ਜੋਤ ਜਗ ਪਵੇ।

ਇਹ ਸੁਣਦਿਆਂ ਸਿੰਘ ਜੀ ਨੂੰ ਆਪਣੀ ਬੇਹੋਸ਼ੀ ਦਾ ਸਮਾਂ ਤੇ ਕਿਸੇ ਸਿੰਘ ਸਾਈਂ ਲੋਕ ਨਾਲ ਗੱਲਾਂ ਤੇ ਉਨ੍ਹਾਂ ਦੀਆਂ ਸਮਝੌਤੀਆਂ ਦਾ ਨਕਸ਼ਾ ਅੱਖਾਂ ਅੱਗੇ ਫਿਰ ਗਿਆ, ਮਾਈ ਉਹੋ ਕੁਛ ਕਹਿ ਰਹੀ ਸੀ ਜੋ ਕੁਛ ਇਨ੍ਹਾਂ ਉਸ ਬੇਹੋਸ਼ੀ ਵਿਚ ਸੁਣਿਆ ਸੀ। ਆਪ ਵਿਸਮਾਦ ਰੰਗ ਵਿਚ ਲੀਨ ਹੋ ਗਏ, ਫੇਰ ਕੰਬੇ, ਘਬਰਾਏ ਤੇ ਬਿਹਬਲ ਹੋ ਕੇ ਧਰਤੀ ਪਰ ਢਹਿ ਪਏ, ਤੇ ਬੋਲੇ- ਮਾਈ ਜੀ। ਅਰਦਾਸ ਕਰੋ, ਜੋ ਮੈਨੂੰ ਇਸ ਬ੍ਰੇਤੀ ਦਾ ਆਪ ਦੇ

ਮਗਰੋਂ, ਏਕਾਂਤ ਜੀਵਨ ਬਖਸ਼ਿਆ ਜਾਵੇ ਤੇ ਇਹ ਸ੍ਰਿਸ਼ਟੀ ਦੀ ਸੇਵਾ ਗੁਰਨਾਮ ਸਿੰਘ ਜੀ ਨੂੰ ਬਖਸ਼ੀ ਜਾਵੇ।

ਮਾਈ— ਵਾਹਿਗੁਰੂ ਦੇ ਹੁਕਮ ਅੱਗੇ ਹੁੱਜਤ, ਹਿਕਮਤ, ਹੁੱਤ ਤ੍ਰੈਏ ਗੱਲਾਂ ਖੁਆਰ ਹਨ, ਸਿਰ ਧਰ ਮੰਨਣਾ ਸਿੱਖੀ ਹੈ, ਉਹ ਸਿਰਜਨਹਾਰ ਜਾਣਦਾ ਹੈ ਕਿ ਜਿਸ ਭਾਂਡੇ ਤੋਂ ਜੋ ਕੰਮ ਲੈਣਾ ਹੈ ਸੋ ਵੱਥ (ਵਸਤ) ਪਾਂਦਾ ਹੈ, ਏਕਾਂਤ ਬਖਸ਼ੇ ਤਾਂ ਵਡਿਆਈ, ਸੇਵਾ ਬਖਸ਼ੇ ਤਾਂ ਉਸ ਦਾ ਜਲਾਲ, ਅਸੀਂ-

**ਬੈ ਖਰੀਦੁ ਕਿਆ ਕਰੇ ਚਤੁਰਾਰੀ**
**ਇਹੁ ਜੀਉ ਪਿੰਡੁ ਸਭੁ ਥਾਰੇ॥**
(ਸੂਹੀ ਮ:੫, ਪੰਨਾ-੭੩੮)

ਦੇਖੋ ਸਿੰਘ ਜੀ! ਵਾਹਿਗੁਰੂ ਦੀ ਅਤਿ ਮਿਹਰ ਹੈ, ਤੁਹਾਡਾ ਸਿਮਰਨ, ਤੁਹਾਡਾ ਵਾਹਿਗੁਰੂ ਪ੍ਰੇਮ, ਤੁਹਾਡਾ ਅੰਦਰਲਾ ਰੰਗ ਪ੍ਰਵਾਨ ਦਰਜੇ ਦਾ ਹੋ ਗਿਆ ਹੈ ਤੇ ਸਿੱਖੀ ਦੇ ਪ੍ਰਚਾਰ ਦੀ ਸੇਵਾ ਤੁਸਾਂ ਨੂੰ ਪ੍ਰਾਪਤ ਹੋਈ ਹੈ, ਨਿਸ਼ਕਾਮ ਹੋ ਕੇ ਕਰੋ। ਆਤਮਾ ਨੂੰ ਪ੍ਰੇਮ ਵਿਚ ਰੰਗਣਾ ਇਹ ਸੇਵਾ ਹੈ। ਮੇਰੇ ਅੰਤ ਵੇਲੇ ਦਾਤਾ ਤੁਸਾਂ ਨੂੰ ਇੱਥੇ ਲੈ ਆਇਆ ਹੈ। ਮੇਰੇ ਸਰੀਰ ਨੂੰ ਖੱਦਰ ਵਿਚ ਲਪੇਟ ਕੇ ਇਥੇ ਦਾਹ ਦੇਣਾ ਤੇ ਫੇਰ ਸਾਰਾ ਕੁਝ ਜਲ ਪ੍ਰਵਾਹ ਕਰ ਦੇਣਾ, ਤਦ ਇੱਥੋਂ ਜਾਣਾ। ਮੇਰੇ ਲਈ ਅਰਦਾਸ ਆਪ ਕਰਨੀ, ਗੁਰੂ ਤੁਹਾਡਾ ਭਲਾ ਕਰੇਗਾ।

ਭਾਈ ਗੁਰਨਾਮ ਸਿੰਘ ਜੀ! ਤੁਸੀਂ ਨਾਮ ਵਲ ਲੱਗੇ ਹੋ, ਨਾਮ ਨਹੀਂ ਛੱਡਣਾ, ਕਾਕੀ ਤੇ ਬੀਬੀ ਵਾਹਿਗੁਰੂ ਜੀਵਨ ਵਾਲੀਆਂ ਹਨ, ਸੁਖੀ ਵੱਸਣਾ, ਪਰ ਇੱਥੇ ਨਾ ਰਹਿ ਪੈਣਾ। ਬੱਕਰੀਆਂ ਤੁਸਾਂ ਲੈ ਜਾਣੀਆਂ ਤੇ ਆਪਣੇ ਘਰ ਨਿਵਾਸ ਕਰਨਾ, ਕਦੇ ਕਦੇ ਇਨ੍ਹਾਂ (ਸਿੰਘ ਜੀ) ਨੂੰ ਮਿਲ ਆਇਆ ਕਰਨਾ। ਜੋ ਇਹ ਕਦੇ ਸੰਸਾਰ ਦੇ ਹੱਥੋਂ ਸਤਾਏ ਜਾਂਦੇ ਹੋਣ, ਦੁਖੀ ਹੋਣ, ਤਾਂ ਤੁਸਾਂ ਆਪਣੇ ਘਰ ਇਨ੍ਹਾਂ ਲਈ ਅਰਦਾਸ ਕਰਨੀ। ਆਪਣੇ ਧਿਆਨ ਦੇ ਬਲ ਨਾਲ ਇਨ੍ਹਾਂ ਦੀ ਸਹਾਇਤਾ ਕਰਨੀ। ਨਾਮ ਦੀ ਸੇਵਾ ਕਰਨ ਵਾਲੇ ਦਾ ਦਮ ਗ਼ਨੀਮਤ ਹੁੰਦਾ ਹੈ, ਉਸ ਦਾ ਕੰਮ ਕਠਨ ਹੈ, ਉਸ ਦੀ ਘਾਲ ਸਫ਼ਲ ਹੈ, ਵਾਹਿਗੁਰੂ ਉਸ ਤੇ ਦਿਆਲ ਹੈ, ਪਰ ਆਖਰ ਮਨੁੱਖੀ ਜਾਮਾ ਹੈ, ਤੁਸਾਡਾ ਸੱਚਾ ਪਿਆਰ ਏਹੋ ਹੋਵੇਗਾ ਕਿ ਸਦਾ ਅਰਦਾਸ ਕਰਨੀ। ਕਦੇ ਕਦੇ ਮਿਲਣਾ,

 www.sikhbookclub.com

ਇਨ੍ਹਾਂ ਨੂੰ ਕਦੇ ਘਬਰਾਏ ਤੱਕੋ ਤਾਂ ਅਰਦਾਸ ਕਰਨੀ, ਡੋਲਣਾ ਨਹੀਂ, 'ਨਾਮ-ਸੇਵਾ-ਧਰਮ' ਬੜਾ ਕਠਨ ਧਰਮ ਹੈ।

ਇਹ ਕਹਿ ਕੇ ਮਾਈ ਨੇ 'ਫਤਹ' ਗਜਾਈ ਤੇ ਉੱਥੇ ਹੀ ਜਪੁਜੀ ਸਾਹਿਬ ਦਾ ਪਾਠ ਕਰਨ ਬੈਠ ਗਈ। ਭੋਗ ਪਾ ਕੇ ਅਰਸ਼ਾਂ ਵੱਲ ਤੱਕੀ, ਚਾਰ-ਚੁਫੇਰੇ ਤੱਕੀ, ਝਨਾ ਵਲ ਤੱਕੀ, ਬ੍ਰੇਤੇ ਵੱਲ ਤੱਕੀ, ਗੁਰਨਾਮ ਸਿੰਘ ਵੱਲ ਤੱਕੀ, ਸਿੰਘ ਜੀ ਵੱਲ ਤੱਕੀ ਤੇ ਫੇਰ 'ਧੰਨ ਗੁਰੂ' ਕਹਿੰਦੀ ਅਰਦਾਸ ਵਿਚ ਗੁੰਮ ਹੋ ਗਈ, ਅਰਦਾਸੋਂ ਨਿਕਲੀ ਤਾਂ ਬੜੇ ਮਿੱਠੇ ਰੰਗ, ਮਿੱਠੀ ਸੁਰ ਵਿਚ ਗਾਂਵੀਂ ਚਿਹਰਾ ਲਾਲ ਤੇਜ ਵਾਲਾ ਹੋ ਗਿਆ, ਸਰੀਰ ਮਾਨੋਂ ਜਵਾਨ ਹੋ ਗਿਆ। ਬੜੀ ਭਰਵੀਂ ਮਿੱਠੀ ਸੁਰ ਨਿਕਲੀ:-

**ਸੁਨਿਬੋ ਸਖੀ ਕੰਤਿ ਹਮਾਰੋ ਕੀਅਲੋ ਖਸਮਾਨਾ॥**
**ਕਰੁ ਮਸਤਕਿ ਧਾਰਿ ਰਾਖਿਓ**
**ਕਰਿ ਅਪੁਨਾ ਕਿਆ ਜਾਨੈ ਇਹੁ ਲੋਕੁ ਅਜਾਨਾ॥**
(ਆਸਾ ਮ: ੫, ਪੰਨਾ-੩੭੨)

ਇਹ ਕਹਿੰਦੀ ਮਾਈ ਲੇਟ ਗਈ ਤੇ ਲੇਟਦੀ ਸੈ ਬਰਸਾਂ ਦੀ ਹੋ ਗਈ।

ਸਿੰਘ ਜੀ ਅਸਚਰਜ ਸਨ, ਕਿਸੇ ਵਿਆਹ ਆਏ ਸਾਂ, ਜੰਵੇ ਜਾ ਰਹੇ ਸਾਂ, ਕੀਰਤਨ ਕਰ ਰਹੇ ਸਾਂ, ਰੁੜ੍ਹ ਗਏ, ਮਰ ਗਏ, ਮਰ ਗਏ ਜੀਉ ਉਠੇ, ਜਾਨ ਬਚੀ, ਤਾਣ ਆਇਆ, ਤਦ ਸਤਿਸੰਗੀ ਮਿਲੇ, ਵਾਹਿਗੁਰੂ ਦੀ ਸੇਵਾ ਦੀ ਪੋਟ ਆਈ, ਪੋਟ ਆਈ ਕਿ ਇਹ ਵਿਛੋੜੇ! ਪਰ ਸਿੰਘ ਜੀ ਆਪਣੇ ਅੰਦਰ ਇਕ ਹੋਰ ਤਬਦੀਲੀ ਵੇਖਦੇ ਸਨ, ਮਨ ਅਡੋਲ ਸੀ, ਟੇਕ ਵਿਚ ਸੀ, ਰਸ ਵਿਚ ਸੀ, ਘਬਰਾ ਨਹੀਂ ਸੀ। ਰਜ਼ਾ ਦਿੱਸਦੀ ਤੇ ਕਿਸੇ ਪਿਆਰੇ ਦੇ ਕੌਤਕ ਦਿਸਦੇ ਤੇ ਸਾਰੇ ਸੋਹਣੇ ਲਗਦੇ ਸੀ।

ਗੱਲ ਕੀ, ਚੌਹਾਂ ਜਾਣਿਆਂ ਨੇ ਮਾਈ ਦੀ ਦੇਹ ਦਾ ਸਸਕਾਰ ਕੀਤਾ, ਜਲ ਪ੍ਰਵਾਹਿਆ। ਫਿਰ ਉਨ੍ਹਾਂ ਬੱਕਰੀਆਂ ਨੂੰ, ਮਾਈ ਦੀ ਪਿਆਰੀ ਗੁਰਬਾਣੀ ਦੀ ਪੋਥੀ ਨੂੰ ਤੇ ਹੋਰ ਉਸ ਦੀ ਬਖਸ਼ਿਸ਼ ਨੂੰ ਉਸ ਬੇੜੀ ਵਿਚ ਲੱਦ ਕੇ, ਜਿਸ ਪਰ ਗੁਰਨਾਮ ਸਿੰਘ ਜੀ ਆਏ ਸਨ, ਪਾਰ ਜਾ ਲੱਗੇ।

ਕੁਝ ਦਿਨਾਂ ਮਗਰੋਂ ਮਲਾਹਾਂ ਤੇ ਸ਼ਰਧਾ ਸ਼ਰੀਣੀਆਂ ਸੁੱਖਣ ਵਾਲਿਆਂ ਨੂੰ ਪਤਾ ਲਗਾ ਕਿ ਦੇਵੀ ਮਾਈ ਓਥੇ ਨਹੀਂ ਹੈ; ਸਮਝ ਗਏ ਕਿ "ਸੋਹਣੀ

ਮੌਲਾ ਦੀ'' ਆਪਣੇ ਮੌਲਾ ਦੇ ਦੇਸ਼ ਉੱਡ ਗਈ ਹੈ। ਚਿਰਾਂ ਤਾਂਈਂ ਲੋਕਾਂ ਨੂੰ ਬਰੇਤੀ ਯਾਦ ਰਹੀ ਕਿ 'ਸੋਹਣੀ ਮੌਲਾ ਦੀ ਬਰੇਤੀ' ਇਹ ਹੈ, ਪਰ ਦਰਿਆਵਾਂ ਦੇ ਵਹਿਣ ਤੇ ਵਹਿਣ ਦੇ ਸਮੇਂ ਦੀ ਚਾਲ ਸਭ ਨਿਸ਼ਾਨ ਮੇਟਦੀ ਹੈ। ਸੋ ਇਹ ਨਿਸ਼ਾਨ ਬੀ ਮਿਟ ਗਏ।

-ਇਤਿ-

 www.sikhbookclub.com

## ਬੇਨਤੀ

**"ਸੱਸੀ ਆਈਂ ਲੋਕਾਂ ਦੀ"** – ਇਸ ਟ੍ਰੈਕਟ ਦਾ ਬਣਨਾ ਇੱਕ ਬੀਤੀ ਹੋਈ ਵਾਰਤਾ ਤੇ ਹੈ। ਸੱਸੀ ਪੁੰਨੂੰ ਦਾ ਹਾਲ ਸਾਰੇ ਪੰਜਾਬੀ ਜਾਣਦੇ ਹਨ। ਜਿੱਥੇ ਜੇਹਲਮ ਤੇ ਝਨਾਂ ਰਲ ਕੇ ਵਗਦੇ ਹਨ ਇਸ ਤੋਂ ਪਾਰ ਮੀਲਾਂ ਤਕ ਇਕ ਥਲ ਹੈ, ਜੋ ਕਈ ਮੀਲ ਚੌੜਾ ਤੇ ਕਈ ਵੀਹਾਂ ਮੀਲ ਲੰਬਾ ਹੈ ਅਰ ਲਾਂਭ ਤੋਂ ਉਚੇਰਾ ਬੀ ਹੈ। ਕਈ ਥਾਂਈਂ ਟਿੱਲਿਆਂ ਦੀ ਸ਼ਕਲ ਵਿਚ ਵੀ ਹੈ। ਸਾਰਾ ਰੇਤਾ ਹੈ, ਕਿਤੇ ਕਿਤੇ ਪਾਣੀ ਤੇ ਕੁਛ ਵੱਸੋਂ ਹੈ। ਗਰਮੀਆਂ ਵਿਚ ਮੁਸਾਫ਼ਰ ਜੇ ਕਿਤੇ ਗੁਆਚ ਜਾਏ ਤਾਂ ਤੱਪਸ਼ ਨਾਲ ਜਾਨ ਦੇ ਦੇਂਦਾ ਹੈ, ਬਚਣਾਂ ਕਠਨ ਕੰਮ ਹੁੰਦਾ ਹੈ।

ਸੱਸੀ ਦੇ ਪ੍ਰੀਤਮ ਪੁੰਨੂੰ ਨੂੰ ਜਦ ਉਸਦੇ ਭਰਾ ਰਾਤੋ ਰਾਤ ਚੋਰੀ ਲੈ ਕੇ ਟੁਰ ਗਏ ਤੇ ਸੱਸੀ ਬੇਸੁਰਤ ਸੁੱਤੀ ਰਹੀ ਤਾਂ ਸਵੇਰੇ ਉੱਠਕੇ ਰੋਈ ਅਰ ਭਾਲ ਨੂੰ ਉੱਠ ਟੁਰੀ, ਚਾਹੇ ਸਾਰੇ ਹੋੜ ਰਹੇ ਪਰ ਏਹ ਟੋਲਦੀ ਥਲ ਵਿਚ ਜਾ ਵੜੀ। ਸੂਰਜ ਤਪਿਆ ਭੱਠ ਭਖੇ, ਪਰ ਇਸ ਸੋਹਲ ਤ੍ਰੀਮਤ ਨੇ ਪੈਰ ਪਿੱਛੇ ਨਾ ਪਾਏ। ਲਿੱਲਾਂ ਲੈਂਦੀ, ਕੂਕਦੀ, ਵਿਲਕਦੀ, ਪਿਆਸ ਤੇ ਗਰਮੀ ਨਾਲ ਥਲੀ ਵਿਚ ਹੀ ਮਰ ਗਈ। ਇੱਕ ਅਯਾਲੀ ਦੂਰ ਸਾਰੇ ਕਿਤੇ ਛਾਵੇਂ ਇਸਦੇ ਵਿਰਲਾਪ ਸੁਣਦਾ ਪਹਿਲੇ ਤਾਂ ਡਰਦਾ ਰਿਹਾ ਕਿ ਬਨ ਦਾ ਕੋਈ ਛਲਾਵਾ ਹੈ, ਪਰ ਅੰਤ ਜਦ ਸੂਰਜ ਢਲੇ ਲੰਘਿਆ ਤਾਂ ਸੱਸੀ ਦੀ ਲੋਥ ਦੇਖਕੇ ਉਸਨੇ ਕਬਰ ਬਣਾਈ, ਅਰ ਉਸਦੇ "ਫੂ.ਗਾਂ" ਵਿਰਲਾਪਾਂ ਤੇ ਮਰਨ ਦੀ ਵਿਥਿਆ ਲੋਕਾਂ ਨੂੰ ਸੁਣਾਈ।

ਅਜ ਤੋਂ ਕੋਈ 20 ਕੁ ਵਰਹੇ ਬੀਤੇ ਹੋਸਣ* ਕਿ ਇੱਕ ਸਾਧੂ ਜੀਉੜਾ ਸੱਚੀ ਸ਼ਰਧਾ ਤੇ ਪ੍ਰੇਮ ਵਾਲਾ ਰਬ ਦੇ ਸ਼ੌਕ ਵਿਚ ਲੱਗਾ। ਇਕ ਸਤਿਸੰਗ ਵਿੱਚ ਇਸਨੂੰ ਸਾਈਂ ਸਿਮਰਨ ਤੇ ਪ੍ਰੇਮ ਵਿਚ ਹਰੀ ਕੀਰਤਨ ਦੀ ਕੁਝ ਲਾਗ

---

* ਯਾਨੀ ਤਕਰੀਬਨ 1893 ਦੀ ਗਲ ਹੈ।

ਲੱਗੀ। ਅਸਲ ਵਿਚ ਇਹ ਜਗਜਾਸੂ ਸਾਫ਼ ਦਿਲ ਸੱਚੀ ਤਲਾਸ਼ ਵਾਲਾ ਤੇ ਰਸ ਦਾ ਸ਼ੌਕੀਨ ਸੀ, ਪਰ ਸਤਿਸੰਗ, ਸੱਚੀ ਮੁੱਚੀ ਦਾ ਸਤਿਸੰਗ ਇਸ ਨੂੰ ਨਾ ਸੀ ਮਿਲਿਆ।

ਇਹ ਵੈਰਾਗੀ ਹੋਕੇ ਇਸ ਥਲ ਤੇ ਚਲਾ ਗਿਆ। ਇਸ ਥਲ ਤੇ ਬ੍ਰਿੱਛਾਂ ਤੇ ਪਾਣੀ ਦੇ ਆਸਰੇ ਤਕ ਕੇ ਬੈਠਾ ਹਰੀ ਗੁਣ ਗਾਉਂਦਾ ਤੇ ਸਾਂਈਂ ਦੀ ਕੀਰਤੀ ਕਰਦਾ ਸੀ। ਬੇ ਧਿਆਨੇ ਅਕਸਰ ਵੇਰ ਸੱਸੀ ਦੀ ਕਬਰ ਲਾਗੇ ਵੀ ਆ ਕੇ ਸਾਂਈਂ ਬਿਰਹੇ ਦੇ ਗੀਤ ਗਾਂਵਿਆਂ ਕਰਦਾ। ਪੀਰ ਫਲੇ ਦੀ ਕਬਰ ਪਾਸ ਤਾਂ ਬਹੁਤ ਵਿਚਰਿਆ, ਅਰ ਪੀਰ ਵਰਜਿਤ ਬਨ ਵਿਚੋਂ ਲੱਕੜਾਂ ਵੱਢ ਕੇ ਇਰਦ ਗਿਰਦ ਸ਼ਕਤੀ ਵਾਲਾ ਬੀ ਪ੍ਰਸਿੱਧ ਹੋ ਗਿਆ, ਕੁਝ ਕਾਲ ਇਸ ਸਾਧੂ ਦਾ ਇਸ ਥਾਂ ਪਰ ਤਪ ਤੇ ਸਾਂਈਂ ਸਿਮਰਨ ਵਿਚ ਲੰਘਿਆ। ਫੇਰ ਇਸ ਵੈਰਾਗੀ ਸਾਧੂ ਨੂੰ ਸ਼ਹਿਰ ਜਾਣੇ ਦਾ ਮੌਕਾ ਬਣਿਆ। ਓਥੇ ਸੇਵਾ ਸਪੁਰਦ ਹੋਈ। ਸੇਵਾ ਨੂੰ ਪਰਮਾਰਥ ਦਾ ਅੰਗ ਜਾਣ ਕੇ ਲਗ ਪਿਆ। ਫ਼ੇਰ ਮਹੰਤੀ ਮਿਲ ਗਈ। ਮਹੰਤੀ ਆਈ, ਵਡਿਆਈ ਆਈ, ਮਹਿਮਾ ਆਈ। ਤਦ ਓਹ ਰੰਗ, ਵੈਰਾਗ, ਪ੍ਰੇਮ ਤੇ ਸੱਚਾ ਸਿਮਰਨ ਦਾ ਘਟ ਕੇ ਇਕ ਔਸਤ ਦਰਜੇ ਦਾ ਨੇਕ ਜੀਵਨ ਰਹਿ ਗਿਆ। ਵਿਵਾਹਤ ਆਪ ਪਹਿਲੇ ਹੀ ਸਨਗੇ, ਸੋ ਹੁਣ ਇਸਤ੍ਰੀ, ਪੁਤ੍ਰ, ਧੀਆਂ, ਪਰਵਾਰ ਵਿਚ ਤਬੀਅਤ ਲਗ ਕੇ ਅਮਰੀ ਕਾਂਗ, ਅਮਰੀ ਹੁਲਾਰਿਆਂ, ਅਮਰੀ ਲਿਵ ਦੇ ਲਗਾਤਾਰ ਵੇਗ ਘਟਦੇ ਘਟਦੇ ਪਹਾੜੀ ਬਰਸਾਤੀ ਰੌ ਵਾਂਙ ਖ਼ੁਸ਼ਕ ਹੋ ਗਏ। ਇਨ੍ਹਾਂ ਦੀ ਇਸ ਦਸ਼ਾ ਵਿਚ ਇਕ ਮਿੱਤ੍ਰ ਜੀ ਨੇ ਆਪ ਨੂੰ ਪੁਰਾਤਨ ਅਵਸਥਾ, ਫ਼ਕੀਰੀ ਵੇਗ, ਵੈਰਾਗ ਤੇ ਸਿਮਰਨ ਦੇ ਤਰੱਦਦ ਵੱਲ ਧਿਆਨ ਦੁਆਉਣ ਲਈ ਇਕ ਪੱਤ੍ਰਿਕਾ ਲਿਖੀ। ਜਿਸ ਵਿਚ ਕਾਵ ਦੀ ਅਲੰਕਾਰਕ ਰੀਤੀ ਅਨੁਸਾਰ ਉਨ੍ਹਾਂ ਨੂੰ ਪੂਰਬ ਅਵਸਥਾ ਦੀ ਸਿੰਮ੍ਰਤੀ ਕਰਾਈ ਕਿ ਓਹ ਆਪਣੇ ਅਸਲੇ ਨੂੰ ਸੰਭਾਲ ਕੇ ਫੇਰ ਉਸੇ ਉੱਦਮ ਵਿਚ ਲੱਗਣ ਅਰ ਅਪਣੇ ਸਰਲ, ਸਿੱਧੇ, ਨਿਸ਼ਕਪਟ ਤੇ ਇਖ਼ਲਾਕੀ ਜੀਵਨ ਨੂੰ ਉੱਚੀ ਫ਼ਕੀਰੀ ਦੇ ਰੰਗ ਵਿਚ ਰੰਗਣ, ਅਰ ਵਾਹਿਗੁਰੂ ਦੇ ਸਦਾ ਰਸ ਵਿਚ ਸਦਾ ਰਸੀਏ ਹੋ ਜਾਣ। ਇਹ ਕਵਿਤਾ ਉਹ ਲੇਖ ਹੈ ਜਿਸ ਵਿੱਚ ਸੱਸੀ ਦੇ ਭੌਰ ਅਰ ਇੱਕ ਮੁਸਾਫ਼ਰ ਦੀ ਜ਼ਬਾਨੀ ਵਾਹਿਗੁਰੂ ਦੇ ਪ੍ਰੇਮ ਅਰ ਸਿਮਰਨ ਦਾ ਪ੍ਰਤਾਪ ਤੇ ਮਹਿੰਮਾ ਕਹੀ ਹੈ। ਅਰ ਵੈਰਾਗ ਬ੍ਰਿਤੀ ਰੱਖ ਕੇ ਗ੍ਰਿਹਸਤ ਆਸ਼੍ਰਮ ਨਿਬਾਹੁਣ ਦਾ ਉਪਦੇਸ਼ ਹੈ।

ਕਿਉਂਕਿ ਏਹ ਲੇਖ ਸੁਆਦਲਾ ਅਰ ਸਿੱਖਜਾ ਪੂਰਤ ਹੈ ਜਿਸ ਤੋਂ ਹਰ ਪ੍ਰਾਣੀ ਨੂੰ ਲਾਭ ਹੋ ਸਕਦਾ ਹੈ, ਇਸ ਵਾਸਤੇ ਪ੍ਰਚਾਰ ਹਿਤ ਪ੍ਰਗਟ ਕੀਤਾ ਜਾਂਦਾ ਹੈ।

ਅਕਤੂਬਰ, 1913
ਅੰਮ੍ਰਿਤਸਰ

ਦਾਸ-ਸਕਤ੍ਰ
ਨਿਰਗੁਣੀਆਰਾ

## ਨੋਟ

ਇਸ ਟ੍ਰੈਕਟ ਵਿਚ ਜੋ ਛੰਦ ਵਰਤਿਆ ਗਿਆ ਹੈ, ਉਹ ਉਹੋ ਹੈ ਜਿਸ ਵਿਚ ਕਵੀ ਗ਼ੁਲਾਮ ਰਸੂਲ ਨੇ ਸੱਸੀ ਲਿਖੀ ਸੀ। ਇਹ ਫ਼ਾਰਸੀ ਵਜ਼ਨ ਦਾ ਛੰਦ ਹੈ। ਇਸਦੇ ਗਾਣੇ ਦਾ ਢੰਗ ਰਾਗ ਕੌਂਸੀਏ ਵਿਚ ਹੈ। ਸਿਰਲੇਖ ਇਸ ਪੋਥੀ ਦੇ ਬ੍ਰੀਕ ਟਾਈਪ ਵਿਚ ਸੱਸੀ ਦੇ ਕਿੱਸੇ ਵਾਂਙੂੰ ਫ਼ਾਰਸੀ ਵਿਚ ਹਨ, ਪਰ ਮੋਟੇ ਅੱਖਰਾਂ ਵਿਚ ਉਨ੍ਹਾਂ ਦਾ ਅਰਥ ਦਿਤਾ ਹੈ।

❖ ❖ ❖


www.sikhbookclub.com

# ਸੱਸੀ ਸਾਂਈਂ ਲੋਕਾਂ ਦੀ

## ਫੁਗਾਂ ਕਰਦਨ ਸੱਸੀ, ਅਜ਼ ਕਬਰ ਬੇਰੂੰ ਆਮਦਹ

ਸੱਸੀ ਦਾ ਵਿਰਲਾਪ ਕਬਰ ਤੋਂ ਬਾਹਰ ਆ ਕੇ

ਪੀਆ ਨੂੰ ਢੂੰਡਦੀ ਥਲ ਵਿੱਚ ਆਈ,
ਏ ਤੱਤੀ ਰੇਤ ਨੇ ਪੂਰੀ ਨ ਪਾਈ।

ਸਾਂ ਤਾਂਘਾਂ ਹਾਇ, ਦੌੜਾਂ ਕੂਕ ਪਾਂਦੀ,
ਏ ਤੱਤੀ ਪੈਰ ਫੜਦੀ ਅੱਗ ਲਾਂਦੀ।

ਕਰਮ ਤੱਤੇ ਮੈਂ ਤੱਤੀ ਰੇਤ ਤਾਈ,
ਭਖੇ ਮਾਰੂ, ਏ ਮੈਨੂੰ ਝੁਲਸਦਾਈ।

ਨ ਦਿੱਤਾ ਜਾਣ ਇਸਨੇ ਸਾੜਿਆਈ,
ਤਪਾਇਆ ਸਾੜਿਆ ਫੜ ਮਾਰਿਆ ਈ।

ਚਲੀ ਸਾਂ ਮੀਤ ਟੋਲਣ, ਹਾਇ ਤੱਤੀ,
ਰਹੀ ਰੇਤੇ ਦੇ ਵਿੱਚੇ ਤਤ ਭੜੱਤੀ।

ਨਿਖੁੱਟੀ ਦੀ ਕਬਰ ਏਥੇ ਬਣੀ ਸੀ,
ਇਹੋ ਸੀ ਲੇਖ, ਕਿਸਮਤ ਨੇ ਠਣੀ ਸੀ।

ਸੀ ਨਾਜ਼ੁਕ ਦੇਹ ਜੁ ਲਾਡਾਂ ਨਾਲ ਪਾਲੀ,
ਦਬਾਈ ਏਸ ਥਾਂ ਆ ਕੇ ਅਯਾਲੀ।

 www.sikhbookclub.com

ਪਿਆਂ ਏਥੇ ਕਈ ਹਨ ਬਰਸ ਬੀਤੇ*,
ਕਈ ਸਦੀਆਂ ਨੇ ਏਥੋਂ ਕੂਚ ਕੀਤੇ।

ਪਈ ਕਬਰੇ ਮੈਂ ਏਥੇ ਹੀ ਰਹੀ ਹਾਂ,
ਅਜ਼ਾਬਾਂ ਝੇਲਦੀ ਤਦ ਤੋਂ ਪਈ ਹਾਂ।

ਏ ਮਾਰੂ ਰੇਤ ਸੀ ਤਪਦੀ ਜਿਵੇਂ ਹੀ,
ਮੈਂ ਤੱਤੀ ਨਾਲ ਤਪਦੀ ਸਾਂ ਤਿਵੇਂ ਹੀ।

❖ ❖ ❖

ਸ਼ੁਕਰੀਆ ਕਰਦਨ ਸੱਸੀ

## ਸੱਸੀ ਦਾ ਸ਼ੁਕਰੀਆ ਕਰਨਾ

ਸੀ ਇਕ ਦਿਨ ਭਾਗ ਜਾਗੇ ਹਾਇ ਮੇਰੇ,
ਕਿਸੇ ਸਾਂਈਂ-ਸੁਆਰੇ ਲਾਏ ਡੇਰੇ।

ਇਸੇ ਥਲ ਤੇ ਆ ਅਪਣੀ ਟੇਕ ਲਾਈ,
ਦਿਨੇ ਰਾਤੀਂ ਫਿਰੇ ਹਰ ਹਰ ਧਿਆਈ।

ਓ ਗਾਵੇ ਗੀਤ ਰੱਬੀ ਸਿੱਕ ਵਾਲੇ,
ਓ ਦੇਵੇ ਸੱਦ ਸੱਚੇ ਇਸ਼ਕ ਵਾਲੇ।

ਛਿੜੇ ਝਰਨਾਟ ਠੰਢੀ ਜਦ ਓ ਗਾਵੇ,
ਸੜੇ ਜ਼ਖਮਾਂ ਤੇ ਕੂਲੀ ਮਲ੍ਹਮ ਲਾਵੇ।

---

* ਮੁਸਲਮਾਨਾਂ ਦਾ ਖ਼ਿਆਲ ਹੈ ਕਿ ਰੂਹਾਂ ਕਿਆਮਤ ਦੇ ਦਿਨ ਤੱਕ ਕਬਰਾਂ ਵਿਚ ਹੀ ਰਹਿਣਗੀਆਂ। ਯਥਾ:-

ਜੀਂਦੇ ਕੀ ਜਾਨਣ ਸਾਰ ਮੁਇਆਂ ਦੀ ਸੋ ਜਾਣੇ ਜੋ ਮਰਦਾ ਹੂ।
ਕਬਰਾਂ ਦੇ ਵਿਚ ਅੰਨ ਨ ਪਾਣੀ ਖਰਚ ਲੁੜੀਂਦਾ ਘਰ ਦਾ ਹੂ।
ਇੱਕ ਵਿਛੋੜਾ ਮਾਂ ਪਿਉ ਭਾਈਆਂ ਨਾਲ ਅਜ਼ਾਬ ਕਬਰ ਦਾ ਹੂ।
ਹੋਰ ਨਾ ਦਾਰੂ ਏਥੇ ਕੋਈ ਕੌੜਾ ਘੁੱਟ ਸਬਰ ਦਾ ਹੂ।

ਏ ਥਲ ਤੱਤਾ ਬੀ ਠੰਢਾ ਠਾਰ ਹੋਯਾ,
ਗਿਆ ਅੰਮ੍ਰਿਤ ਮੇਰੀ ਅਗਨੀ ਤੇ ਚੋਯਾ।

ਓ ਸੀ ਪ੍ਰੇਮੀ, ਸੀ ਕਰਦਾ ਪ੍ਰੇਮ ਸੱਚਾ,
ਸੀ ਪੱਕਾ ਰੱਬ ਪ੍ਰੇਮੀ, ਪ੍ਰੇਮ ਰੱਚਾ।

ਮੈਂ ਠੰਢੇ ਸਾਹ ਲਵਾਂ ਆਖਾਂ: ਖ਼ੁਦਾਯਾ!
ਖ਼ੁਨਕ ਹੈ ਨਾਮ! ਸੱਚ! ਤੇਰਾ ਖ਼ੁਦਾਯਾ*।

ਤੇਰਾ ਏ ਇਸ਼ਕ ਹੈ ਕਿ ਠੰਢ ਪਜਾਰੀ?
ਜੋ ਸੜਿਆਂ ਦੇ ਦਿਲਾਂ ਨੂੰ ਠਾਰਿ ਠਾਰੀ।

ਜੋ ਮੈਂ ਡਿੱਠਾ ਇਸ਼ਕ ਸੀ ਓ ਚੰਗਾਰੀ,
ਜਿਦੇ ਵਿਚ ਸੀ ਭਰੀ ਸਾਰੀ ਖ਼ੁਆਰੀ।

ਸੁਣੋਂ ਲੋਕੋ! ਸੁਣੋਂ ਮੇਰੀ ਦੁਹਾਈ!
ਜਿਨ੍ਹੇ ਲਿਵ ਮਰਨਹਾਰੇ ਨਾਲ ਲਾਈ।

ਉਨ੍ਹੂੰ ਮਿਲਦੀ ਨਹੀਂ ਏ ਠੰਢ ਪਜਾਰੀ,
ਜੋ ਸਾਂਈਂ ਪ੍ਰੇਮ ਦੀ ਮੈਂ ਹੁਣ ਨਿਹਾਰੀ।

ਕਮਾਯਾ ਮੈਂ ਇਸ਼ਕ ਸੀ ਸੱਚ ਜਾਣੀਂ,
ਤੇ ਖੇਡੀ ਜਿੰਦ ਤੇ ਸਾਂ ਮੈਂ ਨਿਮਾਣੀ।

ਨਹੀਂ ਪਰ ਹਾਇ ਠੰਢਕ ਮੈਂ ਸੀ ਪਾਈ!
ਏ ਸੀਤਲ ਰੌ ਨਹੀਂ ਸੁਪਨੇ ਤਕਾਈ।

ਮੈਂ ਮਰ ਕੇ ਦੇਖਿਆ ਹੈ ਏ ਨਜ਼ਾਰਾ,
ਕਿ ਸਾਂਈਂ ਪ੍ਰੀਤ ਹੈ ਸੱਚਾ ਸਹਾਰਾ।

---

* ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਲਿਖਿਆ ਹੈ ਕਿ ਵਾਹਿਗੁਰੂ ਦਾ ਨਾਮ ਖ਼ੁਨਕ (ਠੰਢਾ) ਹੈ ਤੇ ਸੰਸਾਰ ਅਗਨੀ ਤੁਲ ਹੈ: "ਆਤਸ ਦੁਨੀਆ ਖੁਨਕ ਨਾਮੁ ਖੁਦਾਇਆ" (ਵਾਰ:ਮਲ, ਪੰ:-੧੨੯੧)


www.sikhbookclub.com

ਨਹੀਂ ਘਬਰਾਉ ਹੈ ਇਸ ਪ੍ਰੀਤ ਅੰਦਰ,
ਸੁਹਾਵੀ ਠੰਢ ਦਾ ਹੈ ਪ੍ਰੇਮ ਮੰਦਰ।

ਮੈਂ ਆਖਾਂ ਕੌਣ ਹੈ ਏ ਲੋਕ ਆਯਾ?
ਜਿਨ੍ਹੇਂ ਹੈ ਉੱਜੜਾ ਏ ਥੇਹ ਵਸਾਯਾ।

ਏ ਸਾਧੂ ਹੈ ਕਿ ਹਿਮ-ਆਲੇ ਤੋਂ ਆਯਾ,
ਮੇਰਾ ਸਦੀਆਂ ਦਾ ਸਾੜਾ ਆ ਮਿਟਾਯਾ।

ਇਲਾਹੀ ਨਾਦ ਇਸ ਜਦ ਪ੍ਰੇਮ ਭਰਿਆ,
ਏ ਤੱਤੇ ਰੇਤਲੇ ਥਾਂ, ਆਨ ਕਰਿਆ,

ਵੱਸੀ ਹੈ ਠੰਢ ਬਰਫ਼ਾਨੀ ਸਵਾਈ,
ਜਿਨ੍ਹੇ ਸਦੀਆਂ ਦੀ ਅਗਨੀ ਹੈ ਬੁਝਾਈ।

ਨ ਦਮ ਉਸਦਾ ਨ ਪਲ ਉਸਦੀ ਸੀ ਖਾਲੀ,
ਸੀ ਸਾਰੀ ਰਾਤ ਵਿੱਚ ਯਾਦਾਂ ਦੇ ਜਾਲੀ।

ਦਿਨੇ ਫਿਰਦਾ ਤਾਂ ਹਰਦਮ ਨਾਮ ਰਰਦਾ,
ਜੇ ਬੈਠੇ ਤਾਂ ਜ਼ਿਕਰ ਅੱਲਾ ਦਾ ਕਰਦਾ।

ਜੇ ਕੀਰਤਿ ਓ ਪ੍ਰਭੂ ਦੀ ਹਾਇ ਗਾਵੇ,
ਉਡੇ ਜਾਂਦੇ ਜਨਾਵਰ ਬੰਨ੍ਹ ਦਿਖਾਵੇ।

ਫਿਰੇ ਮਸਤਾ ਅਲਸਤ ਓ ਬਾਵਰਾ ਸੀ,
ਨ ਸੀ ਝੱਲਾ; ਦਨਾ, ਹੋਸ਼ਾਵਰਾ ਸੀ।

ਨ ਖਾਵਣ ਪੀਣ ਦੀ ਸੀ ਲੋੜ ਧਰਦਾ,
ਨ ਮੇਲੇ ਮੇਲੀਆਂ ਦੀ ਕਾਣ ਕਰਦਾ।

ਫਿਰੇ ਲਟ-ਬਾਵਰਾ ਇਸ਼ਕਾਂ ਦਾ ਸਾਂਈਂ,
ਸੀ ਲਿਵ ਪ੍ਰਭ ਨਾਲ ਦੰਮ ਦੰਮ ਦੀ ਲਾਈ।

ਮੈਂ ਜਾਤਾ ਸੀ ਕਯਾਮਤ ਹੁਣ ਹੈ ਆਈ,
ਹੈ ਅਸਰਾਈਲ* ਏ ਸਾਧੂ ਸ਼ੁਦਾਈ।

ਜੋ ਗਾਂਦਾ ਗੀਤ ਹੈ, ਕਰਨਾ ਹੈ ਫੂਕੇ,
ਜਗਾਵਣ ਮੁਰਦਿਆਂ ਨੂੰ ਕੂਕ ਕੂਕੇ।

ਸੁਣੀ ਹੈ ਸੱਦ ਮੈਂ ਜੀਵੀ ਹਾਂ ਮੋਈ,
ਜੋ ਬੰਦੀ ਕਬਰ ਦੀ, ਪੂਰੀ ਹੈ ਹੋਈ।

ਅਜ਼ਾਬਾਂ ਮੁੱਕੀਆਂ ਮੜ੍ਹੀਆਂ ਦੀ ਮੇਰੀ,
ਹੁਈ ਠੰਢੀ ਮਿਲੀ ਹੈ ਖੁੱਲ੍ਹ ਫੇਰੀ।

ਬਿਤੇ ਇਸ ਤੌਰ ਸਨ ਛੇ ਸਾਲ ਲੋਕੋ,
ਰਿਹਾ ਏ ਰੰਗ ਇਕ ਰਸੀਆ ਪ੍ਰਲੋਕੋ।

ਨਾ ਲੇਖਾ ਹੋਇਆ ਕਰਮਾਂ ਦਾ ਕੋਈ,
ਨ ਕੋਈ ਪੁੱਛ ਆ ਕਰਮਾਂ ਦੀ ਹੋਈ।

ਤਦੋਂ ਮੈਂ ਜਾਣਿਆ ਕਜਾਮਤ ਨ ਆਈ,
ਭਜਨ ਸਾਂਈਂ ਦੇ ਬੰਦੀ ਛੋੜਿਆਈ।

ਰਿਹਾ ਛੇ ਸਾਲ ਓ ਇਸ ਥਾਉਂ ਲੋਕੋ!
ਓ ਮੈਨੂੰ ਕਰ ਗਿਆ ਇਕ ਛਾਉਂ ਲੋਕੋ!

ਮੈਂ ਠੰਢੀ ਠਾਰ ਤਦ ਤੋਂ ਹੋਈਆਂ ਜੀ,
ਹੋਈ ਜੀਵੀ ਜੋ ਚਿਰ ਤੋਂ ਮੋਈਆਂ ਸੀ।

ਮਿਜਾਜ਼ੀ ਇਸ਼ਕ ਨੇ ਸੀ ਅੱਗ ਫੂਕੀ,
ਜੋ ਮੈਨੂੰ ਮਾਰ ਕੇ ਬੀ ਗਈ ਸੂਕੀ।

---

* ਮੁਸਲਮਾਨ ਮੰਨਦੇ ਹਨ ਕਿ ਕਯਾਮਤ ਦੇ ਦਿਨ ਅਸਰਾਈਲ ਫਰਿਸ਼ਤਾ ਕਰਨਾ ਫੂਕੇਗਾ ਤਾਂ ਮੁਰਦੇ ਕਬਰਾਂ ਵਿਚੋਂ ਉੱਠ ਖੜੋਣਗੇ।


www.sikhbookclub.com

ਏ ਸਾਧੂ ਦੇ ਭਜਨ ਨੇ ਆਨ ਠਾਰੀ,
ਪਈ ਕਬਰੇ ਬੀ ਸੱਚੇ ਨੇ ਸੁਆਰੀ।

ਮੈਂ ਹੁਣ ਦੇਵਾਂ ਦੁਹਾਈ, ਹੇ ਲੁਕਾਈ!
ਕਰੋ ਯਾਰੀ ਤਾਂ ਇਕੋ ਯਾਰ ਸਾਂਈਂ।

ਜੇ ਲਾਣੀਂ ਲਿਵ ਤਾਂ ਅੱਲਾ ਨਾਲ ਲਾਣੀਂ,
ਨ ਕਿਧਰੇ ਹੋਰਥੇ ਏ ਪ੍ਰੀਤ ਪਾਣੀਂ।

ਪ੍ਰਭੂ ਦੇ ਪ੍ਰੇਮ ਦੀ ਇਕ ਸੋ ਸੁਖਾਲੀ,
ਜਨਮ ਭਟਕੇ ਨੂੰ ਦੇਂਦੀ ਚਾੜ੍ਹ ਲਾਲੀ,

ਮੁਇਆਂ ਨੂੰ ਪ੍ਰੇਮ ਸੱਚੇ ਨੇ ਜਿਵਾਯਾ,
ਜਿਵਾਯਾਂ ਨੂੰ ਅਰਸ਼ ਤੇ ਚਾ ਚੜ੍ਹਾਯਾ।

ਕਰੋ ਜੇ ਪ੍ਰੇਮ, ਸਾਂਈਂ ਨਾਲ ਕਰਨਾ,
ਕਰੋ ਹਾਂ ਪ੍ਰੇਮ ਤਾਂ ਸਚਾ ਹੀ ਕਰਨਾ।

❖ ❖ ❖

ਅੰਦੋਹ ਸੱਸੀ ਵ ਦਰ ਜ਼ਿਮਨੇ ਆਂ ਖਿਤਾਏ
ਨਮੂਦਨ ਬਸੂਏ ਮੁਸਾਫ਼ਰ

## ਸੱਸੀ ਦੇ ਭੌਰ ਦਾ ਮੁੜ ਵਿਰਲਾਪ ਤੇ ਮੁਸਾਫ਼ਰ ਨਾਲ ਬਾਤ ਚੀਤ ਕਰਨੀ!

ਓਹੋ ਮੇਰੀ ਏ ਠੰਢੀ ਰੁਤ ਸਵਾਈ,
ਗਏ ਫਿਰ ਪਰਤਕੇ ਹਾਏ ਕਿਦਾਈਂ?

ਜ਼ਰਾ ਠਹਿਰੀਂ ਓ ਰਾਹੀ ਜਾਣ ਵਾਲੇ!
ਕਰੇ ਅੱਲਾ ਕਦਮ ਤੇਰੇ ਸੁਖਾਲੇ!

ਸੁਣੀਂ ਪਾਂਧੀ ਜ਼ਰਾ ਕੂ ਠਹਿਰ ਜਾਵੀਂ!
ਹਈ ਕਿਧਰੋਂ ਤਾਂ ਮੈਨੂੰ ਸੋ ਸੁਣਾਵੀਂ,


www.sikhbookclub.com

ਓ ਸਾਧੂ ਜੀਵੜਾ ਤੁਰਿਆ ਕਿਦਾਈਂ?
ਥਲਾਂ ਤੋਂ ਹਾਇ ਕਿਉਂ ਉਸ ਪਿਠ ਫਿਰਾਈ।

ਜਿਵੇਂ ਪੁਨੂੰ ਗਿਆ ਨਾ ਫੇਰ ਆਯਾ,
ਤਿਵੇਂ ਇਸ ਸਾਧ ਨੇ ਫੇਰਾ ਨ ਪਾਯਾ।

ਜੇ ਤੈਨੂੰ ਹੈ ਪਤਾ ਉਸਦਾ ਠਿਕਾਣਾਂ,
ਅਸਾਡਾ ਏ ਫੂਗਾਂ[੧] ਉਸ ਜਾ ਸੁਨਾਣਾ।

ਗੁਰੂ ਨਾਨਕ ਨੇ ਭਰਥਰਿ ਰੂਹ ਰੋਂਦੀ,
ਕਈ ਸਦੀਆਂ ਤੋਂ ਰਸ ਨੂੰ ਹਾਇ ਜੋਂਦੀ,

ਸੀ ਕੀਤੀ ਪਾਰ ਰਸ ਦੇ ਕੇ ਬਚਾਈ,
ਕਿਤੇ ਸੋਹਣੇ ਟਿਕਾਣੇ ਸੀ ਪੁਚਾਈ।

ਤੂੰ ਹੈਸੇਂ ਸਿੱਖ ਓਸੇ ਹੀ ਗੁਰੂ ਦਾ,
ਤੂੰ ਹੈਸੇਂ ਸਾਧ ਸਦ ਆਸਾ ਪੂਰੂ ਦਾ,

ਅਸਾਂ ਨੂੰ ਤੂੰ ਜਗਾਯਾ ਠੰਢ ਪਾਈ,
ਅਜੇ ਆਸ਼ਾ ਨ ਸੀ ਸਾਰੀ ਬਰਾਈ,

’ਧਵਾਟੇ[੨] ਛੱਡ ਤੂੰ ਕਿੱਧਰ ਸਿਧਾਯਾ?
ਲਗਾ ਕੇ ਫੇਰ ਕਿਉਂ ਫੇਰਾ ਨ ਪਾਯਾ।

ਤੇਰਾ ਸੀ ਬਿਰਦ ਸਾਨੂੰ ਪਾਰ ਲਾਣਾ,
ਖਿਵਾ[੩] ਬੇੜਾ ਨ ਕਿਉਂ ਸੀਗਾ ਪੁਚਾਣਾ?

ਉਠਾਣਾ ਸੀ ਤਾਂ ਸੀ ਸ਼ਿਖ਼ਰੇ ਪੁਚਾਣਾ,
ਨ ਸੀ ਲਾ ਕੇ ਵਿਚਾਲੇ ਛੱਡ ਜਾਣਾ,

❖ ❖ ❖

੧. ਵਿਰਲਾਪ। ੨. ’ਧਵਾਟੇ=ਅਧਵਾਟੇ, ‘ਅ’ ਚੁਪ ਹੈ। ੩. ਠੇਲ੍ਹ ਕੇ।

 www.sikhbookclub.com

ਸਵਾਲ ਕਰਦਨ ਮੁਸਾਫਰ ਬਾ ਰਹੇ ਸੱਸੀ

## ਮੁਸਾਫ਼ਰ ਦਾ ਸੱਸੀ ਦੇ ਭੌਰ ਤੋਂ ਪੁੱਛ ਕਰਨਾ

ਤੂੰ ਦਿੱਸੇਂ ਸੋਹਣੀਏ ਜਿਉਂ ਨਾਰ ਜੀਂਦੀ,
ਮਨੁੱਖਾਂ ਵਾਂਙ ਹੈਂ ਖੁਸ਼ ਰੰਜ ਥੀਂਦੀ।

ਸਰੀਰਾਂ ਵਾਲੀਏ ਕਪੜੇ ਨੀ ਪਹਿਨੇ,
ਤੇ ਦਿਸਦੇ ਨਾਲ ਹਨ ਪਹਿਨੇ ਨੀ ਗਹਿਨੇ।

ਕਹੇਂ 'ਸੱਸੀ ਹਾਂ ਕਬਰੋਂ ਬਾਹਰ ਆਈ',
ਤੇਰੀ ਦੇਹੀ ਤਾਂ ਕਿਰਮਾਂ ਨੇ ਸੀ ਖਾਈ?

ਤੂੰ ਸਾਮਰਤੱਖ ਹੈਂ ਸਾਰੀ ਦਿਸੀਵੇਂ,
ਸਬੂਤੀ ਦੇਹ ਵਾਲੀ ਹੈਂ ਭਲੀਵੇਂ।

ਤੂੰ ਸੱਸੀ ਸੱਚ ਦੀ ਕੇ ਹੈਂ ਛਲਾਵਾ।
ਥਲੀ ਦੇ ਵਿੱਚ ਹੈਂ ਕੋਈ ਭੁਲਾਵਾ?

❖ ❖ ❖

ਜਵਾਬ ਦਾਦਨ ਸੱਸੀ

## ਸੱਸੀ ਦਾ ਜਵਾਬ ਦੇਣਾ

ਹੇ ਭੋਲੇ ਰਾਹੀਆ! ਨਹੀਂ ਭੂਤ ਕੋਈ,
ਛਲਾਵਾ ਤੇ ਛਲੇਡਾ ਹੈ ਨ ਛੋਈ।

ਨਹੀਂ ਸੋਰਾਬ* ਹੈ ਰੀਧ੍ਰਬ ਨ ਨਗਰੀ,
ਕਿਸੇ ਹੀ ਵੰਨ ਦੀ ਨਾ ਠੱਗ ਠਗਰੀ।

ਹਾਂ ਸੱਸੀ ਮੈਂ ਜਿਨ੍ਹੇਂ ਸੀਗਾ ਕਮਾਯਾ,
ਇਸ਼ਕ ਨੂੰ ਨਾਲ ਪੁਨੂੰ ਨੇਹੁੰ ਲਾਯਾ।

---

* ਮ੍ਰਿਗ ਤ੍ਰਿਸ਼ਨਾ।

 www.sikhbookclub.com

ਪਈ ਸਦੀਆਂ ਰਹੀ ਆਜ਼ਾਬ ਭਰਦੀ,
ਮੈਂ ਤਪਦੀ, ਕੁੱਸਦੀ, ਲੌਂਹਦੀ ਤੇ ਸੜਦੀ।

ਸੜੀ ਦੇਹੀ ਜੋ ਕਿਰਮਾਂ ਖੋਹ ਖਾਧੀ,
ਨਹੀਂ ਪਰ ਰੂਹ ਕਿਸੇ ਨੇ ਮਾਰ ਸਾਧੀ।

ਮਰੇ ਹੈ ਦੇਹਿ, ਨਹੀਂ ਹੈ ਰੂਹ ਮਰਦੀ,
ਕੀਏ ਦੇ ਦੁੱਖੜੇ ਹੈ ਨਿੱਤ ਭਰਦੀ।

ਜਿਨ੍ਹੂੰ ਆਖੋ ਤੁਸੀਂ ਹੈ 'ਭੌਰ'* ਨਜਾਣਾ,
ਖੜਾ ਓ 'ਭੌਰ' ਸੱਸੀ ਦਾ ਨਿਮਾਣਾ।

ਓਹੋ ਹੀ ਰੂਪ, ਓ ਕਪੜੇ, ਓ ਗਹਿਣੇ,
ਤੁਸਾਂ ਜਿਉਂ ਹੋਇਕੇ, ਗਲ ਵਾਕ ਕਹਿਣੇ।

ਸੋ ਡਰ ਨਾ ਭੌਰ ਸੱਸੀ ਦਾ ਖੜਾ ਹੈ,
ਦੇ ਉੱਤਰ ਚਿੱਤ ਦੁਖੀਆ ਏ ਬੜਾ ਹੈ।

❖ ❖ ❖

ਜਵਾਬ ਦਾਦਨ ਮੁਸਾਫ਼ਰ

## ਮੁਸਾਫ਼ਰ ਦਾ ਜਵਾਬ

ਨਾ ਰੋ ਸੱਸੀ ਤੂੰ ਕਰਮਾਂ ਮਾਰੀਏ ਨੀ!
ਮਿਜਾਜ਼ੀ ਇਸ਼ਕ ਕਰ ਮਰ ਹਾਰੀਏ ਨੀ!

ਗਿਆ ਪੁੰਨੂੰ ਦੇ ਵਾਂਙੂ ਸਾਧ ਭੋਲਾ,
ਸੀ ਦੁਨੀਆਂ ਦੇਖਣੇ ਪਾ ਰੰਗ ਚੋਲਾ।

---

* ਭੌਰ ਪੰਜਾਬੀ ਵਿਚ ਜੀਉ ਨੂੰ ਆਖਦੇ ਹਨ, ਜਿਸਨੂੰ ਫ਼ਾਰਸੀ ਵਾਲੇ ਰੂਹ ਕਹਿੰਦੇ ਹਨ।

 www.sikhbookclub.com

ਮਿਲੀ ਅੱਗੋਂ ਉਨੂੰ ਮਾਯਾ ਸਿਆਣੀ,
ਜਿਨ੍ਹੇ ਇਕ ਜਾਲ ਦੀ ਲਾਈ ਸੀ ਤਾਣੀ।

ਮਹੰਤੀ ਦੀ ਉਨ੍ਹੇ ਚਾ ਚੋਗ ਪਾਈ।
ਮਹੰਤ-ਤਾਈ ਦੀ ਭਿੱਤੀ ਨਾਲ ਲਾਈ।

ਕੁੜੱਕੀ ਇੱਕ ਉਸਤਤਿ ਦੀ ਲਗਾਈ,
"ਨਹੀਂ ਤੇਰੇ ਜਿਹਾ ਕੋਈ" ਸੁਣਾਈ

ਗਿਆ ਫਾਥਾ ਓ ਸਾਂਈਂ ਨਾਮ ਵਾਲਾ
ਗਿਆ ਛਡ ਓਸਨੂੰ ਜ਼ਿਕਰੀ ਉਛਾਲਾ

ਧੀਆਂ ਧਾੜੇ ਪਏ ਉਸਨੂੰ ਨੀ ਆਕੇ,
ਪੁਤਾਂ ਬਘਿਆੜ ਹੋ ਮਾਰੇ ਨੀ ਡਾਕੇ।

ਦੁਖਾਂ ਦੇ ਖੂਹ ਵਿਖੇ ਹੁਣ ਹਾਇ ਢੱਠਾ,
ਹੈ ਲਿਵ ਟੁੱਟੀ, ਗਿਆ ਮਾਯਾ ਗਰੱਠਾ।

ਨਹੀਂ ਪਾਪੀ ਨ ਦੋਸ਼ੀ ਜਾਣ ਸੱਸੀ,
ਅਜੇ ਵੀ ਇਸ਼ਕ ਰੌ ਉਸ ਜਿੰਦ ਵੱਸੀ।

ਨਹੀਂ ਐਪਰ ਓ ਲਿਵ ਅੰਦਰ ਪਿਆਰਾ,
ਖਚਿਤ ਵਿਚ ਗ੍ਰਿਹਸਤ ਦੇ ਹੈ ਹਾਇ ਭਾਰਾ।

ਓ ਹੈ ਕੀਰਤ ਅਜੇ ਬੀ ਰੱਬ ਕਰਦਾ,
ਜੇ ਦਾਅ ਲੱਗੇ ਤਾਂ ਹੈ ਰੱਤੀ ਨੂੰ ਜਰਦਾ।

ਨਹੀਂ ਪਰ ਹਾਇ ਉਹ ਬਾਕੀ ਹੈ ਲਾਲੀ!
ਜਿਨ੍ਹੇ ਦਿੱਤੀ ਸੀ ਤੈਨੂੰ ਏ ਖੁਸ਼ਾਲੀ।

ਚਮਨ ਤੇਰੀ ਨਵੀਂ ਆਸਾ ਦਾ ਪਿਆਰੀ!
ਗਿਆ ਕੁਮਲਾਇ ਹੇ ਇਸ਼ਕਾਂ ਸੁਆਰੀ!

❖ ❖ ❖

 www.sikhbookclub.com

ਸਵਾਲ ਕਰਦਨ ਸੱਸੀ

## ਸੱਸੀ ਦਾ ਪ੍ਰਸ਼ਨ ਕਰਨਾ

ਨਹੀਂ ਸਮਝੀ ਮੁਸਾਫ਼ਰ ਮੈਂ ਕਹਾਨੀ,
ਕਹੀ ਜਿਹੜੀ ਕਲੇਜੇ ਮਾਰ ਕਾਨੀ।

ਜੇ ਹੋਵੇ ਪ੍ਰੇਮ ਹਿਰਦੇ ਵਿੱਚ ਪੁੜਿਆ,
ਕਿਸੇ ਦੇ ਮੋੜਿਆਂ ਨਹੀਂ ਫੇਰ ਮੁੜਿਆ।

ਸੀ ਕੀਤੀ ਪ੍ਰੀਤ ਮੈਂ ਇਕ ਮਰਦ ਨਾਲੇ,
ਮਿਜਾਜ਼ੀ ਇਸ਼ਕ ਸੀ ਮੇਰਾ ਦਰਹਾਲੇ।

ਤੇ ਸੀ ਸੱਚੀ ਇਸ਼ਕ ਦੀ ਓ ਚੰਗਾਰੀ,
ਲਗੀ ਲਾਈ ਨਾ ਬੁਝੀ ਜਾਨ ਵਾਰੀ।

ਲਗੇ ਜੇ ਪ੍ਰੇਮ, ਮਿਟਦਾ ਫਿਰ ਨਹੀਂ ਹੈ,
ਜੇ ਮਿਟ ਜਾਏ ਤਾਂ ਓ ਸੱਚਾ ਨਹੀਂ ਹੈ।

ਕਿਵੇਂ ਉਸ ਸਾਧ ਦੀ ਓ ਪ੍ਰੀਤ ਪਜਾਰੀ,
ਗਈ ਲੁੱਟੀ, ਸੜੀ ਓ ਫੁੱਲ ਕਿਆਰੀ?

ਸੀ ਸੱਚੇ ਰੱਬ ਦਾ ਨੇਹੁੰ ਓਸ ਵਰਿਆ,
ਤੇ ਸੱਚੇ ਪ੍ਰੇਮ ਦਾ ਪੱਲਾ ਸੀ ਫੜਿਆ;

ਓਹ ਸਚੇ ਨਾਲ ਸੱਚਾ ਪ੍ਰੇਮ ਨਾਤਾ,
ਕਿਵੇਂ ਟੁੱਟਾ, ਕਿਵੇਂ ਗਇਆ ਗੁਆਤਾ?

ਸੀ ਨੇਹੁੰ ਸੱਚਾ, ਮੇਰਾ ਜੀ ਜਾਣਦਾ ਹੈ,
ਪਛਾਣੇ ਲੱਛਣਾ, ਪਰਖ ਆਂਵਦਾ ਹੈ।

ਏ ਮੰਨਣ ਵਿਚ ਨਹੀਂ ਹੈ ਗੱਲ ਆਂਦੀ,
ਲਗੀ ਸੱਚੀ, ਕਿਵੇਂ ਹੈ ਟੁੱਟ ਜਾਂਦੀ?

❖ ❖ ❖

ਜਵਾਬ ਦਾਦਨ ਮੁਸਾਫ਼ਰ

## ਰਾਹੀ ਦਾ ਉੱਤਰ

ਲਗੀ ਸੱਚੀ ਕਦੇ ਬੀ ਟੁੱਟਦੀ ਨਾ,
ਪਵੇ ਸੱਚੀ ਕਦੇ ਬੀ ਛੁੱਟਦੀ ਨਾ।

ਚਿਣਗ ਹਿਤ ਵਾਲੜੀ ਬੁਝਦੀ ਦੀ ਨਾ,
ਪੁਜੇ ਬਿਨ ਨਰਦ ਹੁਬ ਦੀ ਭੁੱਜਦੀ ਨਾ।

ਪਰ ਹੈ ਮਾਯਾ ਪ੍ਰਭੂ ਦੀ ਬੀ ਨਿਆਰੀ,
ਕਰੇ ਹੈ ਸਿਥਲ ਆ ਲੱਗੀ ਕਰਾਰੀ,

ਪਵਨ ਆਵਰਨ ਆ ਆਕੇ ਡਾਢੇ,
ਜੋ ਢਿਲਿਆਂ ਤਾਰ ਨੂੰ ਕਰ ਦੇਣ ਸਾਡੇ।

ਜੇ ਕਾਮਲ ਯਾਰ ਦਾ ਤਕੀਆ ਹੈ ਮਿਲਿਆ,
ਤਾਂ ਦਿਲ ਉਸ ਤਾਰ ਤੇ ਆਵੇ ਹੈ ਹਿਲਿਆ।

ਜੋ ਬਿਖੜੇ ਦਾਉ ਰਸਤੇ ਵਿੱਚ ਆਵਨ,
ਜੇ ਕੱਪਰ ਕਹਿਰ ਦੇ ਆ ਆ ਹਿਲਾਵਨ,

ਮੁੜੇ ਨਾ ਇਸ਼ਕ ਦੀ ਲੱਗੀ ਕਰਾਰੀ,
ਪੁਗਾਵੇ ਮੰਜ਼ਲੇ ਆਖਰ ਦੀ ਵਾਰੀ।

ਕਦੀ ਪਰ ਐਉਂ ਬੀ ਹੈ ਹੋਇ ਜਾਂਦਾ,
ਜਿਵੇਂ ਲੋਹਾ ਅਗਨ ਦਾ ਸੰਗ ਪਾਂਦਾ,

ਜਦੋਂ ਤਾਈਂ ਰਹੇ ਅਗਨੀ ਮਝਾਰੇ,
ਤਦੋਂ ਤਾਈਂ ਹੋ ਅਗਨੀ ਭਖਨ ਮਾਰੇ।

ਜਦੋਂ ਸੰਗ ਅੱਗ ਦਾ ਛੁਟ ਜਾਂਵਦਾ ਹੈ,
ਠਰੇ ਲੋਹਾ ਤੇ ਲਾਲੀ ਨੂੰ ਗੁਆਂਵਦਾ ਹੈ।

ਨਾ ਲੱਕੜ ਵਾਂਙ ਲੋਹਾ ਸੜ ਮਿਟੇ ਹੈ,
ਸੜੇ ਸੰਗ ਲੱਗਿਆ, ਬੁਝਦਾ ਛੁਟੇ ਹੈ।*

ਖੁਦਾਈ ਪ੍ਰੇਮ ਦੇ ਪ੍ਰੇਮੀ ਸੁਆਰੇ,
ਤਦੇ ਸੰਗਤ ਵਿਖੇ ਵਸਦੇ ਪਿਆਰੇ।

ਵਿਸਾਹ ਕਰਦੇ ਨਹੀਂ ਸੰਗਤ ਕਦਾਈਂ,
ਨਹੀਂ ਸਤਿਸੰਗ ਦੀ ਝਲਦੇ ਜੁਦਾਈ।

ਨਾ ਆਪੇ ਤੇ ਕਦੀ ਓ ਮਾਣ ਕਰਦੇ,
ਨ ਹਉਂ ਧਾਰਨ ਕਦੇ ਹੰਕਾਰ ਕਰਦੇ।

ਸਦਾ ਸਤਿਸੰਗ ਦੀ ਹੀ ਟੇਕ ਧਾਰਨ,
ਨ ਟੱਪਣ ਵਾੜ, ਆਵਨ ਇਸ ਤੋਂ ਬਾਰ੍ਹਨ।

❖ ❖ ❖

ਅਫ਼ਸੋਸ ਕਰਦਨ ਸੱਸੀ ਵਾ ਹੈਰਾਨ ਸ਼ੁਦਨ

## ਸੱਸੀ ਦਾ ਸ਼ੋਕ ਤੇ ਹੈਰਾਨੀ

ਕਿਹੀ ਮਾੜੀ ਮੁਸਾਫ਼ਰ ਚਾ ਸੁਨਾਈ,
ਇਸ਼ਕ ਕੁੱਠੀ ਨੂੰ ਕੂਚੀ ਹੋਰ ਲਾਈ,

ਮੈਂ ਦੁਖੀਆ ਦੁੱਖ ਦੇਖੇ ਦੁੱਖ ਪਾਏ।
ਓ ਸੁਖੀਆ ਹਾਇ ਕਿਉਂ ਦੁਖੜੇ ਸਹਾਏ!

ਜਿਨ੍ਹੂੰ ਅੱਲਾ ਨੇ ਠੰਢੀ ਲਿਵ ਲਗਾਈ।
ਓਨ੍ਹੇ ਕਿਉਂ ਤਪਤ ਦੀ ਧੂਣੀ ਲਗਾਈ?

ਕਿਵੇਂ ਉਸਨੂੰ ਹੈ ਆਪਾ ਆਣ ਫੁਰਿਆ,
ਕਿਵੇਂ ਮਹਿੰਮਾਂ ਵਿਖੇ ਦਿਲ ਓਸ ਟੁਰਿਆ।

---

* ਇਸੇ ਵਿਸ਼ੇ ਤੇ ਭਾਈ ਵੀਰ ਸਿੰਘ ਜੀ ਦੀ ਇਕ ਹੋਰ ਕਵਿਤਾ ਦੇਖੋ, ਅਖੀਰਲ ਪੰਨੇ ਤੇ। –ਸੰਪਾਦਕ

 www.sikhbookclub.com

ਕਿਵੇਂ ਵਹੁਟੀ ਤੇ ਬੱਚੇ ਭਾਂਵਦੇ ਸੂ,
ਧੀਆਂ ਦੇ ਪਜਾਰ ਜੀ ਲਲਚਾਵਦੇ ਸੂ?

ਛਡੇ ਹੀਰਾ ਕਿਵੇਂ ਕੱਚ ਵਿਹਾਝਦਾ ਹੈ,
ਕਿਵੇਂ ਸੱਚ ਤਜਾਗਦਾ, ਪਚ ਸਾਜਦਾ ਹੈ?

ਕਿਵੇਂ ਉਸ ਠੰਢ ਦੀ ਓ ਰੌ ਭੁਲਾਈ?
ਜੋ ਬੰਦੇ ਨੂੰ ਦਿਖਾਵੇ ਹੈ ਖ਼ੁਦਾਈ।

ਓ ਮਸਤੀ ਰੌ ਜੋ ਚੱਕੀ ਰੱਖਦੀ ਹੈ,
ਓ ਲਾਲੀ ਜੋ ਰਿਦੇ ਵਿਚ ਭੱਖਦੀ ਹੈ,

ਗੁਜ਼ਾਰੇ ਦੰਮ ਬੇ-ਖ਼ੁਦੀਆਂ ਦੇ ਜੇਹੜੀ,
ਓ ਲਾਲੀ ਰੁੜ੍ਹ ਗਈ ਖਡ ਵਿੱਚ ਕੇਹੜੀ,

ਉਹ ਸੁਖ ਅਮਰੀ ਓ ਲਿਵ ਅਮਰੀ ਪਿਆਰੀ,
ਓ ਅਮਰੀ ਕਾਂਗ ਦੀ ਰੌ ਜ਼ੋਰ ਭਾਰੀ,

ਹੁਲਾਰੇ ਤੇ ਦਏ ਲਹਿਰੇ ਖ਼ੁਦਾਈ,
ਕਿਵੇਂ ਉਸ ਸਾਧ ਨੇ ਹੈਵੇ ਭੁਲਾਈ?

ਓ ਰਸ ਵੱਡਾ ਜਿਧੇ ਅੱਗੇ ਨਿਕਾਰੇ,
ਪਏ ਰੁਲਦੇ ਹੈਂ ਦੁਨੀਆਂ ਰੱਸ ਸਾਰੇ,

ਕਿਵੇਂ ਉਸ ਸਾਧ ਨੇ ਹੈ ਹਾ ਭੁਲਾਯਾ!
ਨਿਕਾਰੇ ਹੈ ਰਸਾਂ ਕਿਉਂ ਚਿੱਤ ਲਾਯਾ?

ਮੈਂ ਅਚਰਜ ਹੋ ਹਰਾਨੀ ਹੋਂਵਦੀ ਹਾਂ,
ਮੈਂ ਹੰਝੂ ਰੱਤ ਦੇ ਪਈ ਚੋਂਵਦੀ ਹਾਂ,

ਨ ਸਕਦੀ ਸਮਝ ਹਾਂ ਏ ਭੇਤ ਨਜਾਰਾ,
ਕਿਵੇਂ ਰਸੀਏ ਨੇ ਹੈ ਰਸ ਨੂੰ ਵਿਸਾਰਾ?

❖ ❖ ❖

 www.sikhbookclub.com

ਰਾਜ਼ ਇਜ਼ਹਾਰ ਨਮੂਦਨ ਮੁਸਾਫ਼ਰ

## ਮੁਸਾਫ਼ਰ ਦਾ ਇਕ ਭੇਤ ਦੱਸਣਾ

ਸੁਣਾਵਾਂ ਸੁਹਣੀਏਂ ਇਕ ਮਰਮ ਤੈਨੂੰ!
ਮਿਲੀ ਇਕ ਰਮਜ਼ ਜੋ ਗੁਰਮੁਖ ਤੋਂ ਮੈਨੂੰ।

'ਪਿਰਮ ਦੀ ਸਾਧ' ਜੇ ਚਿਤ ਵਿੱਚ ਹੋਵੇ,
ਤੇ ਪੱਕੇ ਨਾਲ ਖੇਲਨ ਖੇਲ ਹੋਵੇ।

ਜੇ ਸਰਹੋਂ ਕੱਚੜੀ ਨੂੰ ਪੇਲੀਏ ਜੀ,
ਨ ਮਿਲਦਾ ਤੇਲ ਨਾ ਖਲ ਮੇਲੀਏ ਜੀ।

ਤੇਰੇ ਸਾਧੂ ਦਾ ਦਿਲ ਸੱਚ ਵਾਲੜਾ ਸੀ,
ਪਿਰਮ ਮੈਦਾਨ ਦਾ ਰੰਗ ਲਾਲੜਾ ਸੀ,

ਅਹੋ ਪਰ ਖੇਡਿਆ ਸੀ ਨਾਲ ਕੱਚੇ,
ਚੜ੍ਹੇ ਸ਼ਰਧਾ ਦੇ ਅਪਣੀ ਰੰਗ ਸੱਚੇ।

ਰਿਹਾ ਸੁਖ ਮਾਣਦਾ ਸਾਂਈਂ ਸਿਮਰਦਾ,
ਪਰੇਮੀ ਕਾਂਗ ਵਿਚ ਤੁਰਦਾ ਤੇ ਤਰਦਾ।

ਜਦੋਂ ਵੇਲਾ ਘੁਮਾਣੀ ਦਾ ਸੀ ਆਯਾ,
ਸੀ ਥਾਂਘੀ ਕੱਚੜਾ ਪਾਰ ਨ ਵਸਾਯਾ।

ਰਿਹਾ ਤਰਲੇ ਬਥੇਰੇ ਲੇਂਵਦਾ ਓ,
ਕਰੇ ਮਿੰਨਤਾਂ ਦੁਹਾਈਆਂ ਦੇਂਵਦਾ ਓ।

ਰੁੜ੍ਹੇ ਜਾਂਦੇ ਬਥੇਰੇ ਜ਼ੋਰ ਲਾਏ,
ਘੜੇ ਕੱਚੇ ਕਿਵੇਂ ਕੁਈ ਪਾਰ ਪਾਏ?

ਕਿਵੇਂ ਕਚਿਆਂ ਨੇ ਉਸਨੂੰ ਪਾਰ ਲਾਯਾ,
ਕਰਨ ਬਾਹੁੜੀ ਤਦੋਂ ਆ ਗਈ ਮਾਯਾ।

ਨ ਰੋੜਿਆ ਓਸਨੇ ਨਾ ਪਾਰ ਲਾਯਾ,
ਬਰੇਤੇ ਵਿੱਚ ਉਸਨੂੰ ਜਾ ਟਿਕਾਯਾ।

ਓ ਹੈ ਹੁਣ ਆਸਰੇ ਹਉਂ ਦੇ ਵਿਚਰਦਾ,
ਮਿਲੇ ਛੈਲਾ ਤਾਂ ਨਿਉਣੋਂ ਹੈ ਕਿਚਰਦਾ।

ਹੈ ਵਡਿਆਈ ਆ ਸੀਨੇ ਵਿਚ ਸਮੋਈ,
ਥਣੀਂ ਆਕੜ ਨਿਵਣ ਮਾਨੋਂ ਨ ਹੋਈ।

ਮਹੰਤੀ ਦੀ ਭਰੀ ਸਿਰ ਵਿਚ ਬੂ ਹੈ,
ਫ਼ਕੀਰੀ ਦੀ ਜਿਨ੍ਹੇ ਖਿੱਚ ਲਈ ਖੂ ਹੈ।

ਅਜੇ ਨੇਕੀ ਸੁਭਾ ਦੀ ਓਸ ਅਪਣੀ,
ਅਹੇ ਕਾਇਮ ਨਹੀਂ ਹੈ ਮੂਲ ਖਪਣੀ।

ਅਹੇ ਮਾਯਾ ਬਰੇਤੀ ਤੇ ਪਿਆ ਓ,
ਵਿਚਾਲੇ ਸਲਾਮਤੀ ਖਤਰੇ ਰਿਹਾ ਓ।

ਹਕੀਕੀ ਇਸ਼ਕ ਦੀ ਏ ਰਮਜ਼ ਪਜਾਰੀ:-
ਨ ਖੇਲੋ ਨਾਲ ਕੱਚੇ ਜੋ ਖਿਲਾਰੀ।

ਜੋ ਖੇਲੇ ਖੇਲ ਤਾਂ ਅੰਤੇ ਖੁਆਰੀ,
ਨ ਪੁੱਗੇ ਨਰਦ, ਬਾਜ਼ੀ ਜਾਇ ਹਾਰੀ।

ਸਦਾ ਸਤਿਸੰਗ ਸੱਚਾ ਭਾਲੀਏ ਜੀ,
ਜੋ ਜੀਵੇ ਮੋਇਆਂ ਖੁਸ਼ ਹਾਲੀਏ ਨੀ।

❖ ❖ ❖

ਤਦਬੀਰ ਕਰਦਨ ਸੱਸੀ

## ਸੱਸੀ ਨੇ ਜੁਗਤ ਸੋਚਣੀ

ਅਹੋ ਦਾਨੇ ਮੁਸਾਫ਼ਰ ਰਾਜ਼ ਜਾਣੇ,
ਜੋ ਆਖੇਂ ਗੱਲ ਤੂੰ ਬਹਿੰਦੀ ਟਿਕਾਣੇ।

ਮੈਂ ਕੀ ਜਾਣਾਂ ਮਿਜਾਜ਼ੀ ਇਸ਼ਕ ਵਾਲੀ,
ਰਮਜ਼ ਸੱਚੇ ਇਸ਼ਕ ਦੀ ਨਾ ਸੁਖਾਲੀ।

ਨ ਸਮਝਾਂ ਤੇ ਨਾ ਕਰ ਸਕਦੀ ਹਾਂ ਦਾਰੂ,
ਨਹੀਂ ਹਾਂ ਰਾਹ ਸੱਚੇ ਦੀ ਖਿਲਾਰੂ।

ਮਿਲਜਾ ਸੀ ਸੁਖ ਮੈਂ ਉਸ ਸਾਧ ਪਾਸੋਂ,
ਫ਼ਰਿਸ਼ਤਾ ਜਾਣਿਆ ਆਇਆ ਅਕਾਸ਼ੋਂ।

ਮੈਂ ਫਿਰ ਜਾਤਾ ਹੈ ਬੰਦਾ ਰੱਬ ਦਾ ਏ,
ਇਸ਼ਕ ਸਾਂਈਂ ਦੀ ਭਰਿਆ ਛੱਬ ਦਾ ਏ।

ਮੈਂ ਸੁਖ ਪਾਯਾ, ਮੈਂ ਖ਼ੁਸ਼ ਹੋਈ, ਮੈਂ ਜੀਵੀ,
ਠਰੀ, ਉਸ ਠਾਰਿਆ, ਸੱਚ ਰੰਗ ਖੀਵੀ।

ਹੈ ਨੇਕੀ ਓਸਦੀ ਦਿਲ ਘਾਉ ਕਰਦੀ,
ਕਰਾਂ ਹਾਂ ਯਾਦ ਤੇ ਉਸਨੂੰ ਸਿਮਰਦੀ।

ਜੇ ਹੈ ਦੁੱਖਾਂ ਦੇ ਉਹ ਵਿਚ ਮੂੰਹ ਆਯਾ,
ਚਹਾਂ ਜਾਵੇ ਕਿਵੇਂ ਉੱਥੋਂ ਛੁਡਾਯਾ।

ਨਹੀਂ ਤਦਬੀਰ ਕੋਈ ਔੜ੍ਹਦੀ ਹੈ,
ਨਹੀਂ ਜੁਗਤੀ ਕੋਈ ਜੀ ਬਹੁੜਦੀ ਹੈ।

ਇਹੋ ਚਾਹਾਂ ਕਿਵੇਂ ਪਾਵੇ ਖ਼ਲਾਸੀ,
ਉਹ ਪੰਛੀ ਖੁੱਲ੍ਹ ਦਾ ਜੰਗਲ ਦਾ ਵਾਸੀ।

ਰਹੇ ਪਿੰਜ੍ਰੇ ਨ ਮਾਯਾ ਕੈਦ ਫਸਿਆ,
ਕੁਟੰਬੀ ਗਹਗਚੇ ਦੇ ਵਿੱਚ ਧਸਿਆ।


www.sikhbookclub.com

ਤੇ ਕਾਂਠੇ ਰਾਮ ਉਸਦਾ ਰਹਿ ਨ ਜਾਵੇ,
ਵਿੱਚੇ ਧੂਮਾਂ ਨਾਂ ਆ ਜਮ ਉਸ ਦਬਾਵੇ।

ਕਰੀ ਨੇਕੀ ਉਨ੍ਹੇ ਹੈ ਨਾਲ ਮੇਰੇ,
ਚਹਾਂ ਨੇਕੀ ਕਰਾਂ ਉਸ ਨਾਲ ਸੂੇਰੇ।

ਨਹੀਂ ਤੌਫ਼ੀਕ ਮੇਰੀ ਹੋਰ ਕੋਈ,
ਕਰਾਂ ਅਰਦਾਸ, ਅੱਲਾ ਦੇ ਜਿ ਢੋਈ।

ਦੁਆ ਕਰੀਏ ਕਿ ਰਹਿਮਤ ਰਬ ਕਰਾਵੇ,
ਆ ਰਲ ਕਰੀਏ ਅਰਜ਼, ਅੱਲਾ ਪੁਜਾਵੇ।

❖ ❖ ❖

ਦੁਆ ਕਰਦਨ ਸੱਸੀ

## ਸੱਸੀ ਦਾ ਪ੍ਰਾਰਥਨਾ ਕਰਨਾ

ਹੇ ਸਾਂਈਂ ਪਾਕ ਅੱਲਾ ਵਾਹਿਗੁਰੂ ਤੂੰ,
ਤੂੰ ਆਸਾਂ ਪੂਰ ਹੈਂ ਸੱਚਾ ਗੁਰੂ ਤੂੰ!

ਤੂੰ ਕਰ ਦੇ ਮੇਹਰ ਇਸ ਜ਼ਾਹਦ ਤੇ ਪਜਾਰੇ,
ਜਿਵੇਂ ਲੰਗੀ ਸੀ ਚਾੜ੍ਹੋ ਤੋੜ ਪਜਾਰੇ!

ਨ ਵਹੁਟੀ ਦੇ ਫਸੇ ਓ ਜਾਲ, ਜਾਲੀ,
ਨ ਧੀਆਂ ਪੁੱਤ ਦੀ ਝੱਲੇ ਪੰਜਾਲੀ।

ਨ ਮਾਯਾ ਮੋਹ ਫਸੇ ਕਹੁ 'ਮੇਰੜਾ ਸੀ'
ਨ ਲਿਵ ਟੁੱਟਸ, ਓ ਹਾਏ ਤੇਰੜਾ ਸੀ!

ਅਗਨ ਦੇ ਭੱਠ ਵਿੱਚ ਮੱਖਣ ਦਾ ਪੇੜਾ ਗਿਆ,
ਉਸ ਰੱਖ ਲੈ ਕਰਕੇ ਨਬੇੜਾ।

ਡਲੀ ਓ ਲੂਣ ਦੀ ਮਾਯਾ ਸਮੁੰਦਰ ਗਈ,
ਉਸ ਰੱਖ ਲੈ ਵੜ ਆਪ ਅੰਦਰ।

 www.sikhbookclub.com

ਜਿਨ੍ਹੇ ਮੈਨੂੰ ਸੜੀ ਨੂੰ ਠੰਢ ਪਾਈ,
ਲਗੇ ਤੱਤੀ ਨਾ ਵਾ ਉਸਨੂੰ ਗੁਸਾਂਈਂ!

ਓਨੂੰ ਫੜ ਕੱਢ ਲੈ ਧੂਹ ਕੇ ਗੁਸਾਂਈਂ,
ਉਹਦੀ ਬੇੜੀ ਨੂੰ ਆਪੇ ਪਾਰ ਲਾਈਂ।

ਉਹੋ ਉਸਨੂੰ ਇਲਾਹੀ ਰੰਗ ਲਾਈਂ,
ਮੁਹਾੜਾਂ ਮੋੜ ਕੇ ਏਥੇ ਲਿਆਈਂ।

ਓ ਤੇਰੇ ਗੀਤ ਤੇ ਸ਼ਬਦਾਂ ਨੂੰ ਗਾਵੇ,
ਓ ਰੋਵੇ ਆਪ ਤੇ ਖ਼ਲਕਤ ਰੁਆਵੇ।

ਸੜੇ ਦਿਲ ਠਾਰ ਕੇ ਠੰਢੇ ਕਰਾਵੇ,
ਮਰੇ ਦਿਲ ਟੁੰਬ ਕੇ ਜਿੰਦੇ ਕਰਾਵੇ।

❖ ❖ ❖

ਅਰਜ਼ ਕਰਦਨ ਸੱਸੀ ਪੇਸ਼ੇ ਮੁਸਾਫ਼ਰ

## ਮੁਸਾਫ਼ਰ ਪਾਸ ਸੱਸੀ ਦੀ ਬੇਨਤੀ

ਸੁਣੀਂ ਰਾਹੀ ਇਕੇਰਾਂ ਪਾਸ ਜਾਈਂ,
ਮੇਰੇ ਵੱਲੋਂ ਏ ਅਰਜ਼ਾਂ ਜਾ ਸੁਣਾਈਂ:-

'ਬਣੋ ਹੁਣ ਸਾਧ ਸਾਂਈਂ ਨੂੰ ਧਿਆਵੋ,
'ਨ ਦਮ ਬਿਰਥਾ ਕਦੇ ਇਕ ਬੀ ਗੁਆਵੋ।

'ਤੇ ਆਵੋਂ ਹਾਇ ਏਧਰ ਝਾਤ ਪਾਓ,
'ਜੋ ਮੈਨੂੰ ਲਾ ਗਏ ਓਹ ਆ ਨਿਬਾਹੋ।

'ਕਰੋ ਵੈਰਾਗ ਨਾ ਵਿਚ ਰਾਗ ਆਵੋ,
'ਜੋ ਹੋਇਆ ਰਾਗ ਹੈ ਉਹ ਤਜਾਗ ਆਵੋ।'

❖ ❖ ❖


www.sikhbookclub.com

ਇਕਰਾਰ ਕਰਦਨ ਮੁਸਾਫ਼ਰ

## ਮੁਸਾਫ਼ਰ ਦਾ ਇਕਰਾਰ ਕਰਨਾ

ਮੈਂ, ਸੱਸੀ! ਜਾਇ ਤੇਰੀ ਅਰਜ਼ ਕਰਸਾਂ,
ਏ ਵਾ-ਵੇਲਾ ਤੇਰਾ ਉਸ ਪੇਸ਼ ਧਰਸਾਂ।

ਹਈ ਪਰ ਹਾਇ ਮਾਯਾ ਜਾਲ ਭਾਰਾ,
ਜਿਨ੍ਹੇ ਹੈ ਵੇੜ੍ਹਿਆ ਏ ਜੱਗ ਸਾਰਾ।

ਜੇ ਕਰਕੇ ਤਜਾਗ ਓ ਏਥੇ ਆ ਜਾਵੇ,
ਤਾਂ ਮੋਈ ਨਰਦ ਹੈ ਫਿਰ ਜਾਨ ਪਾਵੇ।

ਅਹੋ ਕਰੀਏ ਦੁਆ ਸੱਸੀ ਪਿਆਰੀ,
ਜੇ ਹੋਸ਼ ਆ ਜਾਸੁ ਵਿਚ ਓਸੇ ਲਚਾਰੀ।

ਵਿਚੇ ਹੀ ਗ੍ਰਿਹਸਤ ਦੇ ਜੇ ਨਾਮ ਧਜਾਵੇ,
ਤੇ ਦਮ ਦਮ ਦੀ ਪ੍ਰਭੂ ਸੰਗ ਲਿਵ ਲਗਾਵੇ।

ਬਣੇ ਰਸੀਆ, ਪੀਏ ਰਸ ਨਾਮ ਵਾਲਾ,
ਸਦਾ ਚੜ੍ਹਿਆ ਰਹੇ ਸਿਮਰਨ ਉਛਾਲਾ।

ਰਹੇ ਜਲ ਵਿੱਚ ਜਿਉਂ ਕੰਜਰਾਜ* ਰਹਿੰਦਾ,
ਤੇ ਮੁਰਗ਼ਾਬੀ ਤਰੇ ਵਿਚ ਨੀਰ ਵਹਿੰਦਾ।

ਵੱਸੇ ਮਾਯਾ, ਧਸੇ ਮਾਯਾ ਨ ਅੰਦਰ,
ਬਣੇ ਮੂਰਖ ਨ ਬਣੇ ਮਾਯਾ ਕਲੰਦਰ,

ਬਣਾਵੇ ਦੇਹ ਤਈਂ ਪ੍ਰਭੂ ਨਾਮ ਮੰਦਰ,
ਵਸਾਵੇ ਜੀਭ, ਧਜਾਵੇ ਨਾਮ ਅੰਦਰ।

ਸੰਮ੍ਹਾਲੇ ਦਮ ਨ ਬਿਰਥਾ ਜਾਣ ਦੇਵੇ,
ਵਿਚੇ ਮਾਯਾ ਜਨਮ ਨੂੰ ਜਿੱਤ ਲੇਵੇ।

---

* ਵੱਡਾ ਕੰਵਲ ਫੁੱਲ।

ਰਹੇ ਹਰਿਆ, ਤੇ ਹਰ-ਦਮ ਨਾਮ ਰਚਿਆ,
ਤਰੂ ਹਰੂਆ* ਜੇ ਸਾਂਈਂ ਯਾਦ ਕਰਿਆ।

❖ ❖ ❖

ਖ਼ਾਤਮਾ ਬਿਲ-ਖ਼ੈਰ ਫ਼ੁਰਗਾਂ ਨਮੂਦਨ ਸੱਸੀ ਪਸ
ਅਜ਼ ਮਰਗ ਦਰ ਇਸ਼ਕੇ ਹਕੀਕੀ।

❖ ❖ ❖

## ਲੱਗੀ ਨਿਭੇ

ਦੋਹਾ:

ਜਿੰਨਾ ਚਿਰ ਅੱਗ ਨਾਲ ਤੂੰ, ਲੋਹੇ!
ਓਨਾਂ ਚਿਰ ਤੂੰ ਲਾਲ,

ਲਕੜੀ ਨੇ ਇਕ ਛੁਹ ਲਈ, ਲੋਹੇ!
ਉਸ ਨਿਭ ਗਈ ਲਾਲੀ ਨਾਲ॥੫੩॥

(ਪੁਸਤਕ 'ਸਿੱਕਾਂ ਸੱਧਰਾਂ')

---

* ਜੋ ਵਾਸ਼ਨਾ ਭਾਰ ਤੋਂ ਹਲਕੇ ਹੋਣ ਸੋ ਹਰੂਏ।

 www.sikhbookclub.com